
# ਵਿਪਰੀਤ



ਚਰਨ ਸਿੰਘ

# ਵਿਪਰੀਤ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਰਘਬੀਰ ਰਚਨਾ ਪ੍ਰਕਾਸ਼ਨ

**VIPREET**
(A Collection of Poems)

By : Charan Singh
9251, Arvida, Dr.
Richmond B.C.
V7A 4K5
Canada
Phone : 604-448-0331

© Author

Edition : 2009

Price : Rs. 130/-

ISBN : 978-81-7914-318-6

Title Designed by : T. Singh

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

**Branch :** CB-67D, DDA Flats, Hari Nagar, New Delhi-64

---

ਵਿਪਰੀਤ (ਕਾਵਿ-ਸੰਗ੍ਰਹਿ), ਲੇਖਕ : ਚਰਨ ਸਿੰਘ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਛਾਪਕ : ਮੋਨਾ ਐਂਟਰਪ੍ਰਾਈਜੱਸ, ਦਿੱਲੀ

ਰਵਿੰਦਰ ਰਵੀ ਦੇ ਨਾਂ

ਇਸੇ ਕਲਮ ਤੋਂ

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੁੱਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009

## ਚਰਨ ਸਿੰਘ ਦਾ ਜੀਵਨ—ਬਿਓਰਾ

ਨਾਮ : ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਲਾਲ ਸਿੰਘ
ਮਾਤ੍ਹਾ ਦਾ ਨਾਮ : ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਪੁਸਤਕਾਂ

(1) ਤੀਸਰੀ ਅੱਖ (ਕਾਵਿ ਸੰਗ੍ਰਹਿ)
(2) ਮਿੱਟੀ 'ਚ ਉਕਰੇ ਅੱਖਰ (ਕਾਵਿ ਸੰਗ੍ਰਹਿ)
(3) ਸ਼ੂਨਯ ਬੋਧ (ਕਾਵਿ ਸੰਗ੍ਰਹਿ)
(4) ਆਪੇ ਬੋਲ ਸ੍ਰੋਤ (ਲੰਬੀ ਕਵਿਤਾ)
(5) ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ)
(6) ਗਗਨ ਮੈਂ ਥਲੁ (ਕਾਵਿ ਸੰਗ੍ਰਹਿ)
(7) ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ)
(8) ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ)
(9) ਵਿਪਰੀਤ (ਕਾਵਿ ਸੰਗ੍ਰਹਿ)
(10) ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ)

### ਛੱਪਣ ਅਧੀਨ ਪੁਸਤਕਾਂ

(11) ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ)
(12) ਹੋਂਦ ਦੀ ਤਲਾਸ਼ (ਲੰਬੀ ਕਹਾਣੀ)
(13) ਤੋਤਲੇ ਗੀਤ
(14) ਅੰਤਰੀਵ (ਕਾਵਿ ਸੰਗ੍ਰਹਿ)
(15) ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ)
(16) ਤ੍ਰੈਕਾਲ (ਕਾਵਿ ਸੰਗ੍ਰਹਿ)
(17) ਪ੍ਰਕਰਮਾ (ਕਾਵਿ ਸੰਗ੍ਰਹਿ)

(18) ਤ੍ਰਿਵੇਣੀ (ਕਾਵਿ ਸੰਗ੍ਰਹਿ)
(19) ਰਿਸ਼ਮਾ (ਕਾਵਿ ਸੰਗ੍ਰਹਿ)
(20) ਦਰਪਣ (ਕਾਵਿ ਸੰਗ੍ਰਹਿ)
(21) ਕਿਵ ਸੱਚਿਆਰਾ ਹੋਈਐ (ਨਾਟਕ)
(22) ਬੁੱਕਲ (ਕਾਵਿ ਸੰਗ੍ਰਹਿ)

ਅਵਾਰਡਜ਼

(1) ਸ਼ਾਮੇ ਪੰਜਾਬ DISTINCTION AWARD
FROM : INDO - CANADIAN TIMES 1986

(2) AWARD OF DISTINCTION
FROM : INDO - CANADIAN TIMES 1984

(3) PROF MOHAN SINGH MEMOREAL
FOUNDATION, CANADA.

AWARD FOR THE CONRIBUTION TO
PUNJABI LITRATURE 2007

(4) N R I SABHA JALANDHAR CITY
AWARD OF DISTINCTION 2003

(5) AWARD OF DISTINCTION
FROM : RADIO RIMJIM CANADA 1993

(6) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
MA PUNJABI AS A TEXT BOOK

(7) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

# ਤਤਕਰਾ


01. ਤੰਦੂਆ / 7
02. ਕੰਧਾਂ / 9
03. ਗਰਭ / 10
04. ਦਰਵਾਜ਼ਾ / 11
05. ਪੱਤੇ ਦਾ ਭਰਮ ਬੀਜ ਦਾ ਸੱਚ / 13
06. ਛਾਂ / 14
07 ਧੁੱਪ ਤੇ ਤੇਜ਼ / 15
08. ਪ੍ਰਾਣ / 16
09. ਖੁਸ਼ਬੂ / 18
10. ਅੱਖਾਂ / 20
11. ਆਗਮਨ / 22
12. ਪੁਸਤਕ / 24
13. ਪਾਣੀ / 26
14. ਪਿੰਡ / 29
15. ਰੁੱਖ / 30
16. ਸੁਰਮਾ / 31
17. ਬਾਗੀ / 32
18. ਕਬਰ / 33
19. ਗੁੱਲੀ ਡੰਡਾ / 34
20. ਸ਼ਮਾਂ / 35
21. ਪੇਟ / 36
22. ਪੈਰ / 37
23. ਮਦਰੱਸਾ / 38
24. ਸ਼ਮਸ਼ਾਨ / 39
25. ਹੱਥ / 40
26. ਗੋਗਾ / 42
27. ਧਰਮ / 46
28. ਸ਼ਬਨਮ ਤੇ ਕਤਰਾ / 48
29. ਮੰਜੀ / 50
30. ਕਿੱਲੀ / 52
31. ਗੁਸਲਖ਼ਾਨਾ / 54
32. ਮੁਰਲੀ / 56
33. ਕਾਨੀ / 59
34. ਖੁਰਾ / 62
35. ਕੰਵਲ / 64
36. ਬੇੜੀ / 66
37. ਕੁਰਸੀ / 69
38. ਮਾਮੀ (ਰੇਖਾ ਚਿੱਤਰ) / 71
39. ਦੰਦਾਸਾ / 73
40. ਬਸਤਾ / 76
41. ਤਖ਼ਤੀ / 78
42. ਖੂਹ / 81
43. ਸਰਦਲ / 83
44. ਸਿਆਹੀ ਦੀ ਦੁਆਤ / 85
45. ਕਾਇਦਾ / 87
46. ਸੜਕ / 89
47. ਗਲੀਆਂ / 92
48. ਅਰਮਾਨ / 95
49. ਮਿੱਟੀ ਦੇ ਅੰਕੁਰ / 96
50. ਗ਼ਮਾਂ ਦਾ ਦਾਗ਼ / 98
51. ਦਰਪਣ / 100
52. ਪਹਾੜ ਦੀ ਚੋਟੀ / 103

# ਤੰਦੂਆ

ਇਕ ਤੰਦੂਆ
ਚਿੱਟੇ ਤਖ਼ਤਪੋਸ਼ ਤੇ ਬੈਠਾ
ਇਕ ਰਾਧਾ ਨੂੰ ਰੋਜ਼ ਖਾਂਦਾ ਹੈ
ਤੇ ਹਰ ਦਿਨ
ਇਕ ਨਵਾਂ ਕ੍ਰਿਸ਼ਨਾ ਦਫ਼ਨਾਦਾ ਹੈ
ਇਹ ਤੰਦੂਆ ਸੋਲ੍ਹਾਂ ਕਲਾਂ ਨਹੀਂ
ਅਠਾਰਾਂ ਕਲਾਂ ਸੰਮਪੂਰਨ ਹੈ
ਇਹ ਤੰਦੂਆ
ਇਸ ਯੁਗ ਦਾ ਪੂਰਨ ਹੈ

–0–

ਇਹ ਤੰਦੂਆ
ਆਪਣੀ ਵਹੀ ਤੇ ਸਭ ਦੇ ਨਾਮ
ਚੜ੍ਹਾਈ ਜਾਂਦਾ
ਜ਼ਰਦੀ 'ਚ ਪਲਦੇ ਬੋਟਾਂ ਤੱਕ ਖਾਈ ਜਾਂਦਾ
ਇਸ ਤੰਦੂਏ ਨੇ ਆਪਣੇ ਅੰਦਰ
ਕਈ ਨਦੀਆਂ ਉਤਾਰ ਲਈਆਂ ਹਨ
ਕਈ ਝੀਲਾਂ
ਆਪਣੀ ਅੱਗ 'ਚ ਠਾਰ ਲਈਆਂ ਹਨ

–0–

ਇਸ ਸ਼ਹਿਰ ਦੀਆਂ ਮਾਂਵਾਂ ਨੇ
ਹੁਣ ਧੀਆਂ ਜੰਮਣੀਆਂ ਛੱਡ ਦਿੱਤੀਆ ਨੇ
ਆਪਣੇ ਪੇਟ 'ਚ ਧੀਆਂ ਤੱਕ
ਪੇਟ ਦੇ ਵਿੱਚ ਹੀ ਮਾਰ ਦਿੰਦੀਆਂ
ਤੇ ਮੋਈਆਂ ਧੀਆਂ ਦੀਆਂ ਲਾਸ਼ਾਂ
ਤੰਦੂਏ ਦੀ ਭੇਟਾ ਚਾੜ੍ਹ ਦਿੰਦੀਆਂ।

–0–

ਤੰਦੂਆ ਹੱਸਦਾ ਤੇ ਖ਼ੁਸ਼ ਹੁੰਦਾ
ਕਿ ਉਸ ਦੀ ਦਹਿਸ਼ਤ
ਮਾਂ ਦੀ ਦੇਹ ਤੋਂ ਮਾਂ ਦੀ ਕੁੱਖ
ਤੱਕ ਫੈਲ ਗਈ ਹੈ
ਉਸ ਦੀ ਸੂਰਤ
ਸ਼ਹਿਰ ਦੀ ਹਰ ਇਕ ਅੱਖ
'ਚ ਠਹਿਰ ਗਈ ਹੈ

-0-

ਸੜਕਾਂ ਤੇ ਬਜ਼ਾਰਾਂ ਅੰਦਰ
ਨਗਨ ਯੋਨੀਆਂ ਹੋਕਾ ਦੇਵਣ
ਮਾਂਵਾਂ ਆਪਣੀਆਂ
ਕੁੱਖਾਂ ਨੂੰ ਰੋਵਣ
ਹੈ ਕੋਈ ਮਰਦ
ਇਸ ਸ਼ਹਿਰ 'ਚ
ਜੋ ਤੰਦੂਏ ਦੀਆਂ ਤੰਦਾਂ ਕੱਟੇ
ਸਾਨੂੰ ਬੇਸ਼ਕ ਗਿਰਵੀ ਰੱਖ ਲਵੇ
ਆਪਣੇ ਸਿਰ ਦਿੱਤੇ ਦੇ ਵਟੇ
ਹੈ ਕੋਈ ਮਰਦ
ਇਸ ਸ਼ਹਿਰ 'ਚ
ਜੋ ਮਾਵਾਂ ਦੀ ਇੱਜ਼ਤ ਬਚਾਵੇ
ਮਾਂ ਦੇ ਦੁੱਧ ਦਾ ਮੁੱਲ ਚੁਕਾਵੇ
ਤੇ ਤੰਦੂਏ ਨੂੰ ਮਾਰ ਮੁਕਾਵੇ

-0-

ਕੌਣ ਸੁਣੇ ਦਾਦਾਂ ਫਰਿਆਦਾਂ
ਜੱਗ ਜਨਣੀਆਂ ਮਾਂ ਮਮਤਾ ਦੀਆਂ
ਜਦ ਅਠਾਰਾਂ ਕਲਾਂ ਸੰਪੂਰਨ ਤੰਦੂਆ
ਸ਼ਹਿਰ ਦੀ ਰਗ ਰਗ 'ਚ ਸਮਾਇਆ ਹੈ
ਹਰ ਮਰਦ ਦੇ ਚਿਹਰੇ ਚੋਂ
ਤੰਦੂਆ ਹੀ ਉੱਗ ਆਇਆ ਹੈ

0 0 0

# ਕੰਧਾਂ

ਮੈਂ ਕੰਧ
ਤੁਰਨਾ ਚਾਹੁੰਦੀ ਹਾਂ
ਮੇਰੀ ਹੋਂਦ ਵੰਡ ਦੀ ਪ੍ਰਤੀਕ ਹੈ
ਆਪਣੀ ਹੋਂਦ ਤਿਆਗ
ਵਿਹੜਾ ਹੋਣਾ ਚਾਹੁੰਦੀ ਹਾਂ

-0-

ਪਰ ਹਰ ਸਾਲ ਹੀ ਘਰ ਦੇ ਲੋਕ
ਮੈਨੂੰ ਲਿੱਪ ਦਿੰਦੇ ਹਨ ਪੋਚ ਦਿੰਦੇ ਹਨ
ਕਿ ਬਰਸਾਤਾਂ 'ਚ ਮੈਂ ਖੁਰ ਨਾ ਜਾਵਾਂ
ਭੁਰ ਨਾ ਜਾਵਾਂ
ਕਿਤੇ ਤੁਰ ਨਾ ਜਾਵਾਂ

-0-

ਲੋਕ ਆਪਣੇ ਲਾਲਚ ਲਈ
ਮੇਰੀ ਹੋਂਦ ਕਾਇਮ ਰੱਖਣਾ ਚਾਹੁੰਦੇ ਹਨ
ਜਦ ਮੈਂ ਖੜੀ ਖੜੋਤੀ ਅੱਕ ਗਈ ਹਾਂ
ਥੱਕ ਗਈ ਹਾਂ ਜੜ੍ਹ ਹੋ ਗਈ ਹਾਂ
ਆਪਣੀ ਗਤੀ ਤੋਂ ਵੱਖ ਹੋ ਗਈ ਹਾਂ

-0-

ਮੈਂ ਕੰਧ ਜੋ ਸਿਰਜਦੀ ਹਾਂ ਬੀਜਦੀ ਹਾਂ
ਉਹ ਵੰਡੀਆਂ ਹਨ ਸਮਾਜਕ ਭੰਡੀਆਂ ਹਨ
ਫਿਰ ਵੀ ਵੰਡੀਆਂ ਦੇ ਪੁਜਾਰੀ ਨੇ
ਇਨ੍ਹਾਂ ਘਰਾਂ ਦੇ ਲੋਕ ਜੋ ਕਰਤਾਰੀ ਨੇ

-0-

ਮੇਰੇ ਜਜ਼ਬਾਤ ਮੇਰੇ ਸੁਫਨੇ
ਮੇਰੀਆਂ ਨੀਹਾਂ ਹੇਠ ਆ ਗਏ ਹਨ
ਘਰਾਂ ਦੇ ਲੋਕ
ਮੇਰਾ ਝੂਠਾ ਮਾਖੋਟਾ ਕਾਇਮ ਰੱਖਣ ਲਈ
ਮੇਰੇ ਜਿਸਮ ਦਾ ਸੱਚ ਖਾ ਗਏ ਹਨ

0 0 0

## ਗਰਭ

ਮੈਂ ਗਰਭ 'ਚ
ਆਪਣੇ ਬਾਪੂ ਦੇ
ਅੱਥਰੂ ਤੇ ਗੁਰਬਤ ਹੰਢਾਉਂਦਾ ਹਾਂ
ਮਾਂ ਦੇ ਕੰਨ੍ਹਾਂ 'ਚ ਸੁਣਾਉਂਦਾ ਹਾਂ
ਜਦੋਂ ਮੈਂ ਗਰਭ ਤੋਂ ਬਾਹਰ ਆਵਾਂਗਾ
ਬਾਪੂ ਦੀ ਗੁਰਬਤ ਤੇ ਅੱਥਰੂਆਂ 'ਚ
ਉੱਤਰ ਜਾਵਾਂਗਾ

-0-

ਬਾਪੂ ਦੀਆਂ ਅੱਖਾਂ 'ਚ ਹਾਸੇ ਧਰਾਂਗਾ
ਬਾਪੂ ਦੀਆਂ ਬਾਹਾਂ ਦਾ ਬਲ ਬਣਾਂਗਾ
ਸਾਰੇ ਦਾ ਸਾਰਾ ਬਾਪੂ ਦੇ
ਵਜ਼ੂਦ 'ਚ ਢਲਾਂਗਾ

-0-

ਧਰਤੀ ਚੋਂ ਅੰਨ੍ਹ ਦੇ ਭੰਡਾਰ ਉੱਗਾਵਾਂਗਾ
ਘਰ ਦੀਆਂ ਕੋਠੀਆਂ ਭਰਾਂਗਾ
ਬਾਪੂ ਦੇ ਵਰਤਮਾਨ ਤੇ ਭਵਿੱਖ 'ਚ
ਖੁਸ਼ੀਆਂ ਬੀਜਾਂਗਾ
ਬਾਪੂ ਦੀ ਅੱਖ 'ਚ ਬਣਕੇ ਖੁਸ਼ੀ ਦਾ ਅੱਥਰੂ
ਮੈਂ ਡੁੱਲ੍ਹ ਜਾਵਾਂਗਾ

-0-

ਮਾਂ ਦੀਆਂ ਪਾਟੀਆਂ ਬਿਆਈਆਂ ਤੇ
ਮਲ੍ਹਮ ਬਣਕੇ ਲੱਗਾਂਗਾ
ਹਨ੍ਹੇਰੇ ਘਰ ਦਾ ਚਿਰਾਗ ਬਣਕੇ ਜਗਾਂਗਾ
ਬਾਪੂ ਦਾ ਨੂਰ
ਮਾਂ ਦਾ ਚਾਨਣ ਕਹਾਵਾਂਗਾ
ਵਿਹੜਾ ਧੰਨ ਧੰਨ ਕਰੇਗਾ
ਮਾਂ ਦੀ ਗਰਭ ਚੋਂ ਬਾਹਰ
ਜਦ ਮੈਂ ਪੈਰ ਪਾਵਾਂਗਾ

0 0 0

# ਦਰਵਾਜ਼ਾ

ਮੈਂ ਦਰਵਾਜ਼ਾ ਘਰ ਦਾ ਦਰ ਹਾਂ
ਘਰ ਲਈ ਸਰਾਪ ਹਾਂ ਵਰ ਹਾਂ
ਮੇਰੇ ਚੋਂ ਦੁਸ਼ਮਣ ਵੀ ਲੰਘਦਾ ਹੈ
ਮਿੱਤਰ ਵੀ ਲੰਘਦਾ ਹੈ
ਮੈਂ ਸਭ ਨੂੰ ਜੀ ਆਇਆਂ ਕਹਿੰਦਾ ਹਾਂ
ਮੈਂ ਆਪਣੀ ਹੋਂਦ ਮਾਰੀ ਹੈ
ਤੇ ਹੋਂਦ ਦੀ ਸੱਚਾਈ
ਸਰਦਲ ਦੇ ਪੈਰੀਂ ਉਤਾਰੀ ਹੈ

–0–

ਮੈਂ ਮਿੱਤਰ ਦੁਸ਼ਮਣ ਦੀ ਰਜ਼ਾ 'ਚ
ਸਮਤਲ ਹਾਂ
ਮਿੱਤਰ ਖੋਲ੍ਹੇ ਜਾਂ ਦੁਸ਼ਮਣ
ਮੈਂ ਖੁੱਲ੍ਹਦਾ ਹਾਂ ਮੈਂ ਭੀੜਦਾ ਹਾਂ
ਸਾਧ ਚੋਰ ਮੇਰੇ ਲਈ ਬਰਾਬਰ ਹੈ
ਅਜ਼ਨਬੀ ਤੇ ਆਪਣਿਆਂ ਦਾ ਵਸੇਰਾ ਹਾਂ
ਮੈਂ ਘਰ ਦੀ ਹੋਂਦ ਹਾਂ
ਘਰ ਦਾ ਚਿਹਰਾ ਹਾਂ

–0–

ਆਪਣੇ ਆਪ 'ਚ ਮੈਂ
ਘਰ ਦੀ ਹੋਂਦ
'ਆਸਰੇ' ਨੂੰ ਉਤਾਰਿਆ ਹੈ
ਆਪਣਾ ਆਪ ਭੁੱਲਿਆ ਹਾਂ
ਆਪਣੇ ਲਹੂ 'ਚ ਘਰ ਉਸਾਰਿਆ ਹੈ
ਚਿਹਰੇ ਤੇ ਘਰ ਦੇ ਅੰਗ ਤੇ ਨਕਸ਼ ਉੱਗਾਏ ਹਨ
ਮੇਰੇ ਵਜੂਦ 'ਚ
ਘਰ ਦੀਆਂ ਕੰਧਾਂ ਤੇ ਵਿਹੜਾ ਸਮਾਏ ਹਨ
ਮੈਂ ਕਿਸੇ ਨੂੰ ਦਰਵਾਜ਼ਾ ਨਜ਼ਰ ਨਹੀਂ ਆਉਂਦਾ
ਘਰ ਲੱਗਦਾ ਹਾਂ
ਘਰ ਮੇਰੇ 'ਚ ਸਮਾਇਆ ਹੈ
ਮੈਂ ਘਰ 'ਚ ਵੱਸਦਾ ਹਾਂ

–0–

ਦਰਵਾਜ਼ਾ
ਘਰ ਦੇ ਅੰਦਰ ਨਹੀਂ ਬਾਹਰ ਹੁੰਦਾ ਹੈ
ਪਰ ਦਰਵਾਜ਼ੇ 'ਚ ਸਿਮਟਿਆ
ਘਰ ਦਾ ਅਕਾਰ ਹੁੰਦਾ ਹੈ
ਦਰਵਾਜ਼ਾ ਘਰ ਦਾ ਮੁੱਖ ਦੁਆਰ ਹੁੰਦਾ ਹੈ
ਮੈਂ ਘਰ ਦਾ ਪਿੰਡਾ
ਦੁਆਲੇ ਉੜਿਆ ਹੈ
ਘਰ ਦਾ ਨਿੱਘ ਮਸਤਕ 'ਚ ਜਗਾਇਆ ਹੈ
ਘਰ ਦਾ ਵੱਸਣ ਆਪਣੇ ਨੈਣਾਂ 'ਚ ਪਾਇਆ ਹੈ
ਦਰਵਾਜ਼ੇ ਦੀ ਹੋਂਦ ਤੇ ਵਜੂਦ
ਘਰ ਚੋਂ ਮਨਫ਼ੀ ਕਰ ਦਿੱਤਾ ਹੈ
ਮੈਂ ਘਰ ਹਾਂ ਘਰ ਦਾ ਦਰਵਾਜ਼ਾ ਨਹੀਂ
ਆਪਣੇ ਪਿੰਡੇ ਤੇ ਲਿੱਖ ਕੇ ਧਰ ਦਿੱਤਾ ਹੈ

-0-

ਮੇਰੇ ਚੋਂ ਹੁਣ ਘਰ ਨਜ਼ਰ ਆਉਂਦਾ ਹੈ
ਜਿਸ ਦੀ ਹੋਂਦ ਵਸੇਰਾ ਹੈ ਆਸਰਾ ਹੈ
ਚੋਰ ਸਾਧ ਮਿੱਤਰ ਦੁਸ਼ਮਣ ਨਾਲ
ਮੇਰਾ ਕੋਈ ਵਾਸਤਾ ਨਹੀਂ
ਮੈਂ ਬੁਰਾਈ ਤੇ ਚੰਗਿਆਈ ਤੋਂ
ਉੱਚੇਰਾ ਹੋ ਗਿਆ ਹਾਂ
ਘਰ ਦਾ ਜਿਸਮ ਚਿਹਰਾ ਤੇ
ਵਿਹੜਾ ਹੋ ਗਿਆ ਹਾਂ।

0 0 0

## ਪੱਤੇ ਦਾ ਭਰਮ ਬੀਜ ਦਾ ਸੱਚ

ਪੱਤੇ ਪੱਤੇ ਚੋਂ ਰੁੱਖ ਨਜ਼ਰ ਆਉਂਦਾ ਹੈ
ਪੱਤੇ ਪੱਤੇ 'ਚ ਰੁੱਖ ਸਮਾਇਆ ਹੈ
ਪੱਤੇ 'ਚ ਸਮਾਏ ਰੁੱਖ ਦਾ
ਪੱਤੇ 'ਚ ਸਾਇਆ ਹੈ
ਸਾਇਆ ਦੇਹ ਦਾ ਸੱਚ ਨਹੀਂ
ਦੇਹ ਦੀ ਪ੍ਰਛਾਈ ਹੈ
ਦੇਹ ਤੁਰਦੀ ਹੈ ਤਾਂ ਸਾਇਆ ਤੁਰਦਾ ਹੈ
ਸਾਏ ਦੀ ਹਰਕਤ ਦੇਹ 'ਚ ਮੌਜ਼ੂਦ ਹੈ
ਸਾਏ ਦੀਂ ਪ੍ਰਛਾਈ
ਦੇਹ ਦੇ ਅਕਸ ਦਾ ਵਜ਼ੂਦ ਹੈ

-0-

ਪੱਤੇ ਦੇ ਸੱਚ 'ਚ ਰੁੱਖ ਦੀ ਦੇਹ ਨਹੀਂ
ਰੁੱਖ ਦੇ ਸਾਏ ਦਾ ਚਿਹਰਾ ਹੈ
ਪੱਤੇ ਦਾ ਸੱਚ ਜਦ ਪੱਤੇ ਚੋਂ ਸੁੱਕ ਜਾਂਦਾ ਹੈ
ਪੱਤਾ ਝੜ ਜਾਂਦਾ ਹੈ
ਪੱਤੇ ਚੋਂ ਰੁੱਖ ਦਾ ਚਿਹਰਾ ਮਿੱਟ ਜਾਂਦਾ ਹੈ
ਵਜ਼ੂਦ ਮੁੱਕ ਜਾਂਦਾ ਹੈ

-0-

ਪੱਤੇ 'ਚ ਰੁੱਖ ਦਾ ਭਰਮ ਹੈ
ਪੱਤਾ ਜਨਮ ਤੋਂ ਮਰਨ ਤੱਕ
ਇਹ ਭਰਮ ਆਪਣੇ 'ਚ ਪਾਲ ਰੱਖਦਾ ਹੈ
ਰੁੱਖ ਦੀ ਹੋਂਦ ਪੱਤੇ ਦਾ ਨਹੀਂ
ਬੀਜ ਦਾ ਸੱਚ ਹੈ
ਪੱਤਾ ਬੀਜ ਤੋਂ ਅਲੱਗ ਹੈ
ਪੱਤੇ 'ਚ ਰੁੱਖ ਦਾ ਭਰਮ ਹੈ
ਬੀਜ 'ਚ ਰੁੱਖ ਦਾ ਸੱਚ ਹੈ

0 0 0

# ਛਾਂ

ਧੁੱਪ ਜਦ ਛਾਂ 'ਚ ਬਹਿੰਦੀ ਹੈ
ਧੁੱਪ ਦੇ ਅੰਦਰ ਠੰਡ ਪੈਂਦੀ ਹੈ
ਧੁੱਪ ਦਾ ਰੂਪ ਬਦਲਦਾ ਹੈ
ਛਾਂ ਦਾ ਭਾਣਾ
ਧੁੱਪ ਦੀ ਦੇਹ 'ਚ ਵਰਤਦਾ ਹੈ
ਭਾਣੇ 'ਚ ਛਾਂ ਨੂਰ ਦਾ ਚਾਨਣ
ਬਰਸਾਉਂਦੀ ਹੈ
ਧੁੱਪ ਦੇ ਧੁਰ ਅੰਦਰ ਉੱਤਰ ਜਾਂਦੀ ਹੈ
ਮਨ 'ਚ ਸ਼ਾਂਤੀ
ਅੱਖਾਂ 'ਚੋਂ ਹਰਿਆਵਲ ਪੁੰਗਰਦੀ ਹੈ
ਧੁੱਪ ਆਪਣੀ ਤਾਸੀਰ ਬਦਲਦੀ ਹੈ
ਆਪਣੀ ਅੱਗ
ਆਪਣੇ 'ਚੋਂ ਨਿਚੋੜਦੀ ਹੈ
ਆਪਣਾ ਸੜਦਾ ਸਾਹਿਰਾ ਠਾਰਦੀ ਹੈ

-0-

ਛਾਂ 'ਚ ਬੈਠੀ ਧੁੱਪ
ਆਪਣੇ ਚੋਂ ਰੁੱਖ ਉਗਾਉਂਦੀ ਹੈ
ਸਿਰ ਤੇ ਧੁੱਪ ਸਹਾਰਦੀ ਹੈ
ਪੈਰਾਂ 'ਚ ਛਾਂ ਵਿਛਾਉਂਦੀ ਹੈ
ਧੁੱਪ ਆਪਣੇ ਕਰਮ ਦਾ ਫੱਲ
ਛਾਂ ਬਦਲੇ ਛਾਂ ਨਹੀਂ ਚਾਹੁੰਦੀ
ਸਿਰ ਦੀਂ ਧੁੱਪ ਭਾਣੇ 'ਚ ਗੁਜਾਰਦੀ ਹੈ
ਧੁੱਪ ਜਿਉਂਦੀ ਧੁੱਪ ਛਾਵਾਂ ਜਨਮਦੀ ਹੈ
ਠੰਡਾਂ ਵਰਤਾਉਂਦੀ ਹੈ
ਧੁੱਪ ਜਦ ਛਾਂ ਦਾ ਪਿੰਡਾ ਹੰਢਾਉਂਦੀ ਹੈ
ਆਪਣੀ ਕੁੱਖ ਚੋਂ ਰੁੱਖ ਜੰਗਲ ਤੇ ਬੱਦਲ ਉੱਗਾਉਂਦੀ ਹੈ

0 0 0

# ਧੁੱਪ ਤੇ ਤੇਜ਼

ਤੇਜ਼ ਜਿਉਂਦੀ ਧੁੱਪ
ਆਪਣੀ ਦੇਹ 'ਚ ਚਾਨਣ ਉਤਾਰਦੀ ਹੈ
ਦੇਹ ਦਾ ਹਨ੍ਹੇਰਾ ਦੂਰ ਕਰਦੀ ਹੈ
ਧਰਤੀ ਦੇ ਚੱਪੇ ਚੱਪੇ 'ਚ
ਸੂਰਜ ਧਰਤੀ ਹੈ
ਚਾਨਣ ਫੈਲਾਉਂਦੀ ਹੈ ਰੋਸ਼ਨੀ ਕਰਦੀ ਹੈ
ਜ਼ਿੰਦਗੀ ਦੇ ਹਨ੍ਹੇਰੇ 'ਚ ਉਤਰਦੀ ਹੈ
ਮਨੁੱਖ ਤੋਂ ਮਨੁੱਖਤਾ
ਦੇ ਚਾਨਣ ਤੱਕ ਤੁਰਦੀ ਹੈ
ਮਨੁੱਖ ਦੀ ਧਰਤੀ ਤੇ ਚਾਨਣ ਬੀਜਦੀ ਹੈ
ਮਨੁੱਖਤਾ ਦੇ ਪਿੰਡੇ 'ਚ
ਕਾਫ਼ਲੇ ਜੋਤਾਂ ਦੇ ਧਰਦੀ ਹੈ

-0-

ਧੁੱਪ ਦਾ ਤੇਜ਼
ਜਦ ਵੇਦਾਂ ਸ਼ਾਸਤਰਾਂ
ਗ੍ਰੰਥਾਂ ਦੇ ਕਾਲੇ ਅੱਖਰਾਂ ਤੇ ਪੈਂਦਾ ਹੈ
ਅੱਖਰਾਂ 'ਚ ਛੁੱਪਿਆ ਨੂਰ ਨਜ਼ਰ ਆਉਂਦਾ ਹੈ
ਮਾਨਵ ਦੇਹ ਅੰਦਰ ਜਗਦਾ ਹੈ
ਮਾਨਵ 'ਚ ਨੂਰ ਦਾ ਇਕ ਹੜ੍ਹ ਵਗਦਾ ਹੈ
ਜੋ ਮਨੁੱਖ 'ਚ ਠਹਿਰਦਾ ਹੈ
ਮਨੁੱਖ 'ਚ ਫੈਲਦਾ ਹੈ
ਮਨੁੱਖ ਨੂੰ ਆਪਣਾ ਸੱਚ ਨਜ਼ਰ ਆਉਂਦਾ ਹੈ
ਮਨੁੱਖ ਮਨੁੱਖਤਾ ਦਾ ਰੂਪ ਹੋ ਜਾਂਦਾ ਹੈ
ਸੱਚ ਤੇ ਸੁੰਦਰਤਾ ਦਾ ਸਰੂਪ ਹੋ ਜਾਂਦਾ ਹੈ

-0-

ਧੁੱਪ ਦਾ ਤੇਜ਼ ਧੁੱਪ ਦੇ ਪਿੰਡੇ 'ਚ
ਉਤਸੁਕਤਾ ਤੇ ਹਿੰਮਤ ਦਾ ਅਗਾਜ਼ ਭਰਦਾ ਹੈ
ਧੁੱਪ ਦੀ ਤਲੀਏ ਚੰਨਾਂ ਸੂਰਜਾਂ ਦੇ ਚਿਹਰੇ
ਤੇ ਨਵੇਂ ਸਫ਼ਰ ਧਰਦਾ ਹੈ
ਧੁੱਪ ਤੇਜ਼ 'ਚ ਬਦਲਦੀ ਹੈ ਹਨ੍ਹੇਰੇ ਦਾ ਨਾਸ ਕਰਦੀ ਹੈ
ਜਿੱਥੇ ਵੀ ਪੈਰ ਧਰਦੀ ਹੈ
ਗਿਆਨ ਦਾ ਵਿਸਤਾਰ ਤੇ ਸੂਝ ਦਾ ਪ੍ਰਕਾਸ਼ ਕਰਦੀ ਹੈ

0 0 0

# ਪ੍ਰਾਣ

ਪ੍ਰਾਣ
ਮੇਰੀ ਦੇਹ 'ਚ ਤੇਰਾ ਵਸੇਰਾ ਹੈ
ਤੇਰਾ ਆਵਣ ਜਾਵਣ ਹੈ
ਫਿਰ ਵੀ ਤੂੰ ਮੇਰੇ ਲਈ ਪਰਾਇਆ ਹੈਂ
ਕਿਹੜੀ ਕੁੱਖ ਹੈ ਤੇਰੀ
ਕਿੱਥੇ ਤੇਰਾ ਠਿਕਾਣਾ ਹੈ
ਤੂੰ ਕਿੱਥੋਂ ਆਇਆ ਹੈਂ

-0-

ਮੈਂ ਚਾਹੁੰਦਾ ਹਾਂ
ਤੂੰ ਮੇਰੀ ਉਂਗਲੀ ਫੜਕੇ
ਆਪਣੀ ਜਨਮ ਭੂਮੀ ਤੇ ਲੈ ਚਲੇਂ
ਮੇਰੀਆਂ ਅੱਖੀਆਂ ਸਾਵੇਂ
ਤੂੰ ਜਲਵਾ ਫਿਰੋਸ਼ ਹੋ ਜਾਵੇਂ
ਮੈਂ ਆਪਣੀ ਹੋਸ਼ ਖੋਹ ਬੈਠਾਂ
ਤੂੰ ਮੇਰੀ ਹੋਸ਼ ਹੋ ਜਾਵੇ।

-0-

ਮੈਂ ਤੇਰੇ ਪਿੰਡੇ 'ਚ ਵਸਦਾ ਰਹਾਂ ਸਦਾ
ਤੈਨੂੰ ਆਪਣਾ ਸੱਚ ਦੱਸਦਾ ਰਹਾਂ ਸਦਾ
ਤੂੰ ਵੀ ਆਪਣੇ ਸੱਚ ਦਾ ਭੇਦ ਖੋਲ੍ਹ ਦੇ
ਆਪਣੀ ਜਨਮਦਾਤੀ ਦਾ ਨਾਮ ਬੋਲ ਦੇ
ਮੈਂ ਆਪਣਾ ਸਭ ਕੁੱਝ ਤਿਆਗ ਕੇ
ਤੇਰਾ ਹੋ ਜਾਣਾ ਚਾਹੁੰਦਾ ਹਾਂ
ਮਰਨ ਤੱਕ ਤੇਰੀ ਤੇ ਮੇਰੀ ਸਾਂਝ ਹੈ
ਇਸ ਸਾਂਝ ਦਾ ਸੱਚ ਮੈਂ ਪਾਉਣਾ ਚਾਹੁੰਦਾ ਹਾਂ

-0-

ਮੈਂ ਪ੍ਰਾਣ
ਪਵਨ ਦਾ ਉੱਤਮ ਰੂਪ ਹਾਂ
ਜਿਸ 'ਚੋਂ ਮੈਂ ਜਨਮਿਆ ਉਹ ਦੇਹ ਹੀਣ ਹੈ
ਸੁਤੰਤਰ ਹੈ ਕਿਸੇ ਦੀ ਮੁਥਾਜ਼ ਨਹੀਂ

ਇਸ ਲਈ
ਉਸ ਦੀ ਕੁੱਖ ਦਾ ਤੇ ਮੇਰਾ
ਕੋਈ ਸਾਥ ਨਹੀਂ
ਮੈਂ ਬਸ ਉਸਦੇ ਨੂਰ ਦੀ ਇਕ ਝਲਕ ਹਾਂ
ਖਲਕ ਮੇਰਾ ਜਨਮ ਹੈ
ਧਰਤੀ ਮੇਰੀ ਬਸਰ ਹੈ
ਦੇਹ ਦੀ ਸਾਂਝ ਹੈ ਪੁਰਸ਼ਾਰਥ ਮੇਰਾ
ਮੈਂ ਹਾਂ ਤਾਂ ਦੇਹ ਹੈ
ਨਹੀਂ ਤਾਂ ਦੇਹ ਥੇਹ ਹੈ

0 0 0

## ਖੁਸ਼ਬੂ

ਖੁਸ਼ਬੂ 'ਚ ਵਸਦੀ ਖੁਸ਼ਬੂ
ਤੂੰ ਮੇਰਾ ਜਿਸਮ ਹੈਂ ਮੇਰੀ ਰੂਹ ਹੈਂ
ਤੇਰਾ ਧਰਤੀ ਤੇ ਵਸੇਰਾ ਹੈ
ਅੰਬਰ ਤੇ ਡੇਰਾ ਹੈ
ਮੇਰੇ ਮਨ ਮੰਦਰ 'ਚ ਤੂੰ ਵਸਦੀ ਹੈਂ
ਪੱਥਰ ਦੇ ਬੁੱਤਾਂ 'ਚ ਹੱਸਦੀ ਹੈਂ
ਤੂੰ ਵਾਤਾਵਰਣ ਤੇ ਮਾਹੌਲ ਦੀ ਸੁੰਦਰਤਾ ਹੈਂ
ਮੰਦਰਾਂ ਮਸੀਤਾਂ ਗਿਰਜਾਘਰਾਂ ਤੇ ਠਾਕੁਰਦੁਆਰਿਆਂ
ਦੀ ਸੁਗੰਧ ਹੈਂ
ਤੂੰ ਵਿਗਿਆਨ ਗਿਆਨ ਤੇ
ਵਿੱਦਿਆ 'ਚ ਸਮਾਈ ਹੈਂ
ਤੂੰ ਕਿਥੋਂ ਜਨਮੀ ਹੈਂ
ਤੂੰ ਕਿਥੋਂ ਆਈ ਹੈਂ

-0-

ਮੈਂ ਚਾਹੁੰਦਾ ਹਾਂ
ਤੇਰੇ ਨਾਲ ਤੁਰ ਜਾਵਾਂ
ਤੇ ਕਦੀ ਵੀ
ਨਾ ਪਰਤਕੇ ਆਵਾਂ
ਤੇਰੇ 'ਚ ਰਲ ਜਾਵਾਂ ਤੇਰੇ 'ਚ ਘੁਲ ਜਾਵਾਂ
ਤੈਨੂੰ ਉਤਾਰ ਲਾਂ ਅੰਦਰ ਤੇ ਬਾਹਰ ਵੀ
ਤੇਰੀ ਪਹਿਚਾਣ ਹੋ ਜਾਵਾਂ
ਆਪਣੀ ਪਹਿਚਾਣ ਭੁੱਲ ਜਾਵਾਂ

-0-

ਨਾ ਬੰਦ ਰਹਾਂ ਜਿਸਮ ਦੇ ਕਵਚ 'ਚ
ਤੇਰੇ ਵਾਂਗ ਬਹਾਰਾਂ ਮੌਸਮਾਂ ਕਲੀਆਂ ਫੁੱਲਾਂ ਤੇ
ਪੌਣਾ 'ਚ ਘੁਲ ਜਾਵਾਂ
ਬਿਨਾਂ ਬਦਨ ਮੈਂ ਜੀਵਾਂ
ਬਿਨਾਂ ਪ੍ਰਾਣ ਮੈਂ ਜੀਵਾਂ
ਖੁਸ਼ਬੂ ਤੇਰੀ ਤਾਸੀਰ ਨੂੰ ਸਿਰਜਾ
ਤੇਰੀ ਜ਼ਮੀਰ ਨੂੰ ਜਨਮਾਂ

-0-

ਤੂੰ ਜੋ
ਪਵਿੱਤਰਤਾ ਸ਼ੁੱਧਤਾ ਤੇ ਸੁੰਦਰਤਾ
ਧਰਤੀ ਅਕਾਸ਼ ਤੇ ਜੀਵਨ 'ਚ
ਖਿਲਾਰਦੀ ਹੈਂ
ਆਪਣੀ ਹੋਂਦ ਦਾ ਸੱਚ ਪਸਾਰਦੀ ਹੈਂ
ਮਹਿਸੂਸ ਹੁੰਦੀ ਹੈ ਨਜ਼ਰ ਨਹੀਂ ਆਉਂਦੀ
ਮੇਰੇ 'ਚ ਵਸਦੀ ਹੈ ਨਜ਼ਰ ਨਹੀਂ ਆਉਂਦੀ
ਫੁੱਲਾਂ 'ਚ ਪ੍ਰਗਟ ਹੈਂ
ਪਰ ਜਿਸਮ ਦੀ ਬੰਦਸ਼ ਤੋਂ ਬਾਹਰ ਹੈਂ
ਪ੍ਰਾਣਾਂ ਤੋਂ ਮੁਕਤ ਹੈਂ ਅਨੁਭਵ 'ਚ ਵਸਦੀ ਹੈਂ
ਚੁੱਪ ਦਾ ਬੋਲ ਹੈਂ ਖਾਮੋਸ਼ੀ 'ਚ ਰਹਿੰਦੀ ਹੈਂ

–0–

ਕੈਸਾ ਰੂਪ ਹੈ ਤੇਰਾ
ਕੈਸਾ ਰੰਗ ਹੈ ਤੇਰਾ ਕੈਸੀ ਦੇਹ ਹੈ ਤੇਰੀ
ਇਹ ਜਾਨਣ ਦੀ ਇੱਛਾ ਹੈ ਮੇਰੀ
ਮੈਂ ਖੁਸ਼ਬੂ
ਪ੍ਰਕਿਰਤੀ ਤੇ ਮਨੁੱਖੀ ਕਰਮ ਦੇ ਬੀਜ ਦਾ ਫ਼ਲ ਹਾਂ
ਪਵਨ ਦਾ ਜੁੱਸਾ ਹਾਂ
ਭਵਰੇ ਦੀ ਹਸਰਤ ਹਾਂ
ਸੁਰ ਦਾ ਹੁਲਾਸ ਹਾਂ ਖੇੜੇ ਦੀ ਅਵਾਜ਼ ਹਾਂ
ਮੇਰੀ ਖੁਸ਼ਬੂ ਹੀ ਮੇਰਾ ਸੱਚ ਹੈ
ਮੇਰਾ ਆਧਾਰ ਹੈ
ਸ਼ੁੱਧਤਾ ਪਵਿੱਤਰਤਾ ਸੱਚ ਤੇ ਸੁੰਦਰਤਾ
ਮੇਰਾ ਆਕਾਰ ਹੈ

0 0 0

# ਅੱਖਾਂ

ਮੈਂ ਅੱਖਾਂ ਹੋਵਾਂ ਨਜ਼ਰ ਹੋਵਾਂ
ਨਜ਼ਰ ਦਾ ਅਗਾਜ਼ ਹੋਵਾਂ ਹਸ਼ਰ ਹੋਵਾਂ
ਮੈਂ ਅੱਖਾਂ ਦੀ ਬਸਰ ਹੋਵਾਂ
ਮੈਂ ਅੱਖਾਂ ਦੀ ਜ਼ੁਬਾਨ
ਹਾਲੇ ਦਿਲ ਨਸ਼ਰ ਹੋਵਾਂ

-0-

ਅੱਖਾਂ ਜੋ ਪਿਆਰ ਦੀ ਕੁੱਖ ਹਨ
ਇਜ਼ਹਾਰ ਦੀ ਕੁੱਖ ਹਨ
ਅੱਖਾਂ ਜੋ ਪੱਤਿਆਂ ਫ਼ਲਾਂ ਫੁੱਲਾਂ ਵਾਲੇ
ਰੁੱਖ ਹਨ
ਅੱਖਾਂ ਜੋ ਛਾਵਾਂ ਦੇ ਸਾਗਰ ਹਨ
ਦਰਿਆਵਾਂ ਦੇ ਚਿਹਰੇ ਹਨ
ਨਦੀਆਂ ਦੇ ਅੰਗ ਤੇ ਨਕਸ਼ ਹਨ
ਮੈਂ ਉਨ੍ਹਾਂ 'ਚ ਉਤਰ ਜਾਵ੍ਹਾਂ
ਤੇ ਕਦੀ ਵੀ ਨਾ ਪਰਤ ਕੇ ਆਵਾਂ

-0-

ਅੱਖਾਂ ਜਿੰਨ੍ਹਾ 'ਚ ਕੁਦਰਤ ਵਸਦੀ ਹੈ
ਚਸ਼ਮੇ ਤੇ ਝਰਨੇ ਫੁਟਦੇ ਹਨ
ਅੱਖਾਂ ਜਿੰਨ੍ਹਾਂ ਨੂੰ ਆਪਣੇ 'ਚ
ਸਹਿਰਾ ਵਿਸਾਏ ਹਨ
ਹੰਝੂਆਂ ਦੇ ਸਾਗਰ ਪੀਤੇ ਹਨ
ਸਾਉਣ ਦੇ ਛਰਨਾਟੇ ਲਾਏ ਹਨ

-0-

ਅੱਖਾਂ
ਜਿੰਨ੍ਹਾਂ 'ਚ ਰੱਬ ਵਸਦਾ ਹੈ
ਅੱਖਾਂ ਜਿੰਨ੍ਹਾਂ 'ਚ ਅਸਮਾਨ ਜਾਗਦਾ ਹੈ
ਜ਼ਿਮੀਂ ਸੌਂਦੀ ਹੈ

ਅੱਖਾਂ ਜਿੰਨ੍ਹਾਂ ਦੁਆਲੇ
ਸਰਿਸ਼ਟੀ ਭੌਂਦੀ ਹੈ
ਮੈਂ ਉਹ ਅੱਖਾਂ ਹੋ ਜਾਵਾਂ
ਦਿਲ 'ਚ ਉਤਰ ਜਾਵਾਂ ਨਜ਼ਰਾਂ 'ਚ
ਵਿਛ ਜਾਵਾਂ
ਮੈਂ ਘੁਲ ਜਾਵਾਂ ਆਪਣੇ ਆਪ 'ਚ
ਬਣ ਕੇ ਖੁਸ਼ੀ ਦਾ ਅੱਥਰੂ
ਅੱਖੀਆਂ 'ਚ ਡੁੱਲ੍ਹ ਜਾਵਾਂ

-0-

ਅੱਖਾਂ ਜੋ ਰੱਬ ਦੀ ਅਰਾਧਨਾ ਹਨ
ਸਿਮਰਨ ਤੇ ਪੂਜਾ ਦੇ ਚਿਰਾਗ ਹਨ
ਬੰਦੇ ਦੇ ਮੂੰਹ ਤੇ ਝਾਕਦੇ
ਦਿਲ ਦੇ ਅਹਿਸਾਸ ਹਨ
ਜੋ ਖੁਸ਼ੀਆਂ 'ਚ ਹੱਸਦੇ ਨੇ
ਗਮਾਂ 'ਚ ਧੁੱਖਦੇ ਨੇ
ਬੰਦੇ ਦੇ ਮਸਤਕ 'ਚ ਸੂਰਜ ਬਣ ਕੇ ਉੱਗਦੇ ਨੇ
ਬੰਦੇ ਦੇ ਨੈਣਾਂ 'ਚ ਖਿੜਦੇ ਨੇ
ਦਿਲ ਚੋਂ ਪੁੰਗਰਦੇ ਨੇ

-0-

ਜਦ ਬੰਦੇ ਦਾ ਕਲੇਜਾ ਰੁੱਗ ਭਰਕੇ
ਕੱਢਦੇ ਨੇ
ਆਪਣਾ ਅਗਾਜ਼ ਦੱਸਦੇ ਨੇ
ਬੰਦੇ ਦਾ ਹਸ਼ਰ ਦੱਸਦੇ ਨੇ
ਫਿਰ ਮਹੀਂਵਾਲ ਕੋਈ ਪੱਟ ਚੀਰ ਕੇ
ਖੁਆਂਦਾ ਹੈ ਨੈਣਾਂ ਨੂੰ
ਫਿਰ ਕੋਈ ਸਾਹਿਬਾਂ
ਆਪਣਾ ਪਿਆਰ ਕੁਰਬਾਨ ਕਰਦੀ ਹੈ
ਮੋਹ ਮਾਂ ਜਾਇਆਂ ਦਾ
ਖਾ ਜਾਂਦਾ ਹੈ ਨੈਣਾਂ ਨੂੰ

0 0 0

## ਆਗਮਨ

ਅੱਜ ਸਾਡੇ ਘਰ ਰੱਬ ਆਇਆ ਹੈ
ਅਸੀਂ ਜਿਉਂਦੇ ਰੱਬ ਦਾ ਦੀਦਾਰ ਪਾਇਆ ਹੈ
ਅਜੇ ਰੱਬ ਮਹੀਨੇ ਡੇਢ ਦਾ ਹੈ
ਕਿ ਉਸਦੇ ਜਿਸਮ ਚੋਂ ਖ਼ੁਸ਼ਬੂ ਆਉਂਦੀ ਹੈ
ਘਰ ਚੰਨ ਦੀ ਚਾਨਣੀ
ਨਾਲ ਭਰਿਆ ਹੈ
ਰਿਸ਼ਮਾਂ 'ਚ ਡੁੱਬਿਆ ਤੇ ਤਰਿਆ ਹੈ
ਰੱਬ ਹੱਸਦਾ ਹੈ ਤਾਂ ਪ੍ਰਕਿਰਤੀ ਹੱਸਦੀ ਹੈ
ਰੱਬ ਬੁੱਲ੍ਹ ਟੇਰਦਾ ਹੈ ਤਾਂ ਪੱਤਝੜ ਜਨਮਦੀ ਹੈ

-0-

ਰੱਬ ਦੇ ਸਾਹਾਂ ਅੰਗਾਂ ਤੇ ਮੂਤਰੀ ਚੋਂ
ਚੰਦਨ ਦਾ ਜੰਗਲ ਮਹਿਕਦਾ ਹੈ
ਰੱਬ ਦੀਆਂ ਅੱਖਾਂ ਚੋਂ ਬ੍ਰਹਿਮੰਡ ਵੇਖਦਾ ਹੈ
ਰੱਬ ਦੇ ਚਿਹਰੇ ਤੇ ਨੂਰ ਛਾਇਆ ਹੈ
ਇਹ ਜੋ ਰੱਬ ਸਾਡੇ ਘਰ ਆਇਆ ਹੈ
ਇਸ 'ਚ ਅਕਾਸ਼ ਦਾ ਅਕਸ ਹੈ
ਧਰਤੀ ਦੀ ਮਹਿਕ ਪੌਣਾਂ ਦੀ ਗਤੀ ਹੈ
ਜਲ ਦਾ ਰੱਸ ਅੱਗਣ ਦਾ ਤੇਜ਼ ਹੈ

-0-

ਇਸ ਰੱਬ ਦੀ ਅਜੇ ਕਰੂੰਬਲ ਜੇਡੀ ਉਮਰ ਹੈ
ਆਪਣੇ ਰੁੱਖ ਤੇ ਜੜ੍ਹ ਦੇ ਨੇੜੇ ਹੈ
ਇਸ ਦੇ ਅੰਦਰ ਸੱਚ ਦਾ ਚਾਨਣ ਹੈ
ਬਾਹਰ ਸੁੰਦਰਤਾ ਦਾ ਪ੍ਰਕਾਸ਼ ਹੈ
ਮਸਤਕ 'ਚ ਜੋਤ ਹੈ
ਕੰਠ 'ਚ ਰਾਗ ਰਾਗਣੀਆਂ ਦਾ ਵਾਸ ਹੈ
ਦੇਹ 'ਚ ਸਰਸਵੱਤੀ ਦਾ ਵਸੇਰਾ ਹੈ
ਇਹ ਮੂਲ ਦੇ ਇੱਨਾਂ ਨੇੜੇ ਹੈ
ਕਿ ਮੂਲ ਦਾ ਹੀ ਸਰੂਪ ਹੈ

ਮੰਦਰ ਹੈ ਪੂਜਾ ਹੈ ਸਿਮਰਨ ਹੈ
ਅਰਾਧਨਾ ਹੈ
ਮੰਤਰਾਂ ਦੀ ਸੁਰ ਹੈ
ਟੱਲੀਆਂ ਤੇ ਸੰਖਾਂ ਦੀ ਅਵਾਜ਼ ਹੈ
ਖੁਸ਼ਬੂਆਂ ਦਾ ਸੋਮਾ ਹੈ
ਬ੍ਰਹਿਮੰਡਾਂ ਦਾ ਸਿਰਤਾਜ ਹੈ

-0-

ਇਹ ਫੁੱਲਾਂ ਤੋਂ ਹੌਲਾ ਹੈ
ਕਲੀਆਂ ਤੋਂ ਸੋਹਲ ਹੈ
ਇਸਦੇ ਜਿਸਮ 'ਚ ਕੁਦਰਤ ਦਾ ਵਸੇਰਾ ਹੈ
ਇਸ 'ਚ ਖੁਦਾ ਹਾਜ਼ਰ ਹੈ
ਇਸ 'ਚ ਚੰਨਾਂ ਸੂਰਜਾਂ
ਆਕਾਸ਼ਾਂ ਦੀ ਸ਼ੁੱਧਤਾ ਹੈ
ਇਸ 'ਚ ਬ੍ਰਹਿਮੰਡਾਂ ਦੀ ਖੁਸ਼ਬੂ ਨਾਜ਼ਰ ਹੈ

-0-

ਅੱਜ ਸਾਡੇ ਘਰ ਰੱਬ ਆਇਆ ਹੈ
ਅਸੀਂ ਜਿਉਂਦੇ ਰੱਬ ਦਾ ਦੀਦਾਰ ਪਾਇਆ ਹੈ
ਅਜੇ ਰੱਬ ਮਹੀਨੇ ਡੇਢ ਦਾ ਹੈ
ਕਿ ਉਸ ਦੇ ਜਿਸਮ 'ਚੋਂ ਖੁਸ਼ਬੂ ਆਉਂਦੀ ਹੈ
ਘਰ ਚੰਨ ਦੀ ਚਾਨਣੀ ਨਾਲ ਭਰਿਆ ਹੈ
ਰਿਸ਼ਮਾਂ 'ਚ ਡੁੱਬਿਆ ਤੇ ਤਰਿਆ ਹੈ
ਰੱਬ ਹੱਸਦਾ ਹੈ ਤਾਂ ਪ੍ਰਕਿਰਤੀ ਹੱਸਦੀ ਹੈ
ਰੱਬ ਬੁੱਲ੍ਹ ਟੇਰਦਾ ਹੈ ਤਾਂ ਪੱਤਝੜ ਜਨਮਦੀ ਹੈ

0 0 0

## ਪੁਸਤਕ

ਪੁਸਤਕ ਦੇ ਪਹਿਲੇ ਸਫੇ ਤੋਂ
ਜਦ ਅੰਤਲੇ ਤਕ ਅੱਪੜਿਆ
ਤਾਂ ਮੇਰੇ 'ਚ ਰੌਸ਼ਨੀ ਹੋਈ
ਮੇਰਾ ਅੰਦਰ ਚਾਨਣ ਨਾਲ ਭਰਿਆ
ਮੈਂ ਜ਼ਿੰਦਗੀ ਦਾ ਹਨ੍ਹੇਰ ਤਰਿਆ
ਮੈਂ ਆਪਣੇ ਆਪ ਨਾਲ ਤੁਰਿਆ
ਆਪਣੇ ਅੰਦਰਲੇ ਚਾਨਣ ਵੱਲ ਮੁੜਿਆ
ਖੁਸ਼ਬੂਆਂ ਰੰਗ ਤੇ ਖੁਸ਼ੀਆਂ
ਆਪਣੀ ਜ਼ਿੰਦਗੀ 'ਚ ਉਤਾਰੀਆਂ
ਜੀਵਨ ਦਾ ਪ੍ਰਯੋਜਨ ਸਮਝਿਆ
ਆਪਣੀਆਂ ਤਪਦੀਆਂ ਰਾਹਾਂ
ਚਾਨਣ 'ਚ ਠਾਰੀਆਂ

-0-

ਪੁਸਤਕ ਦਾ ਚਾਨਣ ਮੇਰੀ ਜ਼ਿੰਦਗੀ 'ਚ
ਰੌਣਕ ਸੁੱਖ ਸ਼ਾਂਤੀ ਦੀਆਂ
ਕਿਰਨਾਂ ਖਲੇਰ ਗਿਆ
ਆਲਸ ਦਲਿਦਰ ਤੇ ਆਵੇਸਲਾਪਣ
ਮੇਰੀ ਦੇਹ ਚੋਂ ਨਿਚੋੜ ਗਿਆ
ਮੇਰਾ ਜੀਵਨ ਮੰਜ਼ਿਲਾਂ ਗਤੀਆਂ
ਰਾਹਾਂ ਨਾਲ ਜੋੜ ਗਿਆ

-0-

ਮੇਰੇ ਅੰਦਰ ਪੁਸਤਕ ਦਾ ਅੱਖਰ ਅੱਖਰ
ਸਤਰ ਸਤਰ ਜਗਦੀ ਹੈ
ਜ਼ਿੰਦਗੀ ਸੱਚੀ ਸੁੱਚੀ ਤੇ ਸੁੰਦਰ ਲਗਦੀ ਹੈ
ਮੈਂ ਆਪਣੇ ਚਾਨਣ 'ਚ ਜਦ ਵੀ ਤੁਰਿਆ ਹਾਂ
ਮਾਨਵਤਾ ਦੇ ਨਾਲ ਜੁੜਿਆ ਹਾਂ
ਆਪਣੀ ਹੋਂਦ ਦਾ ਸੱਚ ਪਾਇਆ ਹੈ
ਨਿਮਰਤਾ ਕਲਿਆਣ ਤਿਆਗ ਤੇ
ਸਰਬ-ਸੰਤੋਖ ਦੇ ਫੁੱਲ
ਮੇਰੀ ਦੇਹ 'ਚ ਖਿੱੜੇ ਹਨ

ਰੁੱਖ ਜੰਗਲ ਨੂੰ ਮਿਲਿਆ ਹੈ
ਜੰਗਲ ਪ੍ਰਕਿਰਤੀ 'ਚ ਰਲਿਆ ਹੈ
ਮੇਰੇ ਅੰਦਰ ਪੁਸਤਕ ਦਾ ਦੀਵਾ
ਜੋ ਬਲਿਆ ਹੈ
ਮੇਰੀ ਦੇਹ ਮੇਰੀ ਮਾਨਸਿਕਤਾ ਨੂੰ
ਚਾਨਣ ਨਾਲ ਭਰਿਆ ਹੈ

-0-

ਹੁਣ
ਮੈਂ ਆਪਣੀਆਂ ਆਂਦਰਾਂ ਨਾਲ ਖਲੋਂਦਾਂ ਹੀ ਨਹੀਂ
ਸਗੋਂ ਤੁਰਦਾ ਹਾਂ
ਕਿ ਭਵਿੱਖ 'ਚ ਕਿੱਧਰੇ ਉਹ ਰਾਹ ਭੁੱਲ ਨਾ ਜਾਣ
ਖਿੱਲਰ ਨਾ ਜਾਣ ਭੁਰ ਨਾ ਜਾਣ ਡੁੱਲ੍ਹ ਨਾ ਜਾਣ
ਆਪਣਾ ਭਵਿੱਖ ਸੰਭਾਲਣ ਦਾ ਗਿਆਨ
ਮੈਂ ਇਸ ਪੁਸਤਕ ਚੋਂ ਪਾਇਆ ਹੈ
ਇਸ ਪੁਸਤਕ ਨੇ ਮੇਰੀ ਦ੍ਰਿਸ਼ਟੀ ਤੇ ਸਰਿਸ਼ਟੀ 'ਚ
ਕਾਫ਼ਲਾ ਸੂਰਜਾਂ ਦਾ ਉੱਗਾਇਆ ਹੈ

-0-

ਇਹ ਪੁਸਤਕ ਨਿਰਾ ਕਾਗਜ਼ ਸ਼ਬਦ ਅਰਥ ਨਹੀਂ
ਜੀਵਨ ਜਿਉਣ ਦਾ
ਇਸ 'ਚ ਚਾਨਣ ਸਮਾਇਆ ਹੈ
ਇਹ ਜੀਵਨ ਦਾ ਸੋਮਾ ਹੈ
ਗਿਆਨ ਦਾ ਚਸ਼ਮਾ ਹੈ
ਸਿਆਣਪ ਦਾ ਝਰਨਾ ਹੈ
ਜਿਸਮ ਦਾ ਚਾਨਣ ਹੈ ਰੂਹ ਦਾ ਨਗਮਾ ਹੈ

0 0 0

# ਪਾਣੀ

ਪਾਣੀ ਕੋਈ ਰੂਪ ਨਹੀਂ ਤੇਰਾ
ਕੋਈ ਰੰਗ ਨਹੀਂ ਤੇਰਾ
ਤੂੰ ਜਿਸ ਵੀ ਬਰਤਨ 'ਚ ਪੈਂਦਾ ਹੈਂ
ਉਹੀ ਬਰਤਨ ਦਾ ਰੂਪ ਤੇ ਸ਼ਕਲ ਧਾਰ ਲੈਂਦਾ ਹੈਂ
ਤੂੰ ਆਪਣੇ ਆਪ ਨੂੰ
ਦੂਜੇ ਦੀ ਸੋਚਣੀ ਮੁਤਾਬਿਕ ਢਾਲ ਲੈਂਦਾ ਹੈਂ
ਸਮੁੰਦਰ 'ਚ ਸਮੁੰਦਰ ਦਾ ਰੂਪ ਹੈਂ
ਦਰਿਆਵਾਂ 'ਚ ਦਰਿਆਵਾਂ ਦਾ ਸਰੂਪ ਹੈਂ
ਬੱਦਲ 'ਚ ਬੱਦਲ ਹੈਂ
ਬੂੰਦ 'ਚ ਬੂੰਦ ਦਾ ਅਕਾਰ ਹੈਂ

-0-

ਜੀਵਨ ਜਿਉਣ ਦਾ ਇੱਨਾਂ ਉਚੇਰਾ
ਤੇ ਉੱਤਮ ਢੰਗ ਤੂੰ ਕਿੱਥੋਂ ਸਿੱਖਿਆ ਹੈ
ਪ੍ਰਕਿਰਤੀ 'ਚ ਪ੍ਰਕਿਰਤੀ ਹੈਂ ਤੂੰ
ਜੰਗਲ 'ਚ ਜੰਗਲ ਹੈਂ ਤੂੰ
ਪਹਾੜ 'ਚ ਪਹਾੜੀ ਚਸ਼ਮਿਆਂ
ਝਰਨਿਆਂ ਦੀ ਨੁਹਾਰ ਹੈਂ
ਅੱਖ੍ਹਾਂ 'ਚ ਨਜ਼ਰ ਹੈਂ
ਨਜ਼ਰ 'ਚ ਦਿਸਹੱਦਿਆਂ ਤੋਂ ਪਾਰ ਹੈਂ

-0-

ਧਰਤੀ ਤੇ ਅੰਨ ਉਤਪਤੀ ਦਾ ਮੂਲ ਹੈਂ
ਅੰਬਰ 'ਚ ਵਰਖਾ ਦਾ ਰੂਪ ਹੈਂ
ਕੋਈ ਰੰਗ ਨਹੀਂ ਜ਼ਾਤ ਨਹੀਂ ਧਰਮ ਨਹੀਂ ਤੇਰਾ
ਕੁਦਰਤ ਹੀ ਤੇਰੀ ਜ਼ਾਤ ਹੈ ਤੇਰਾ ਧਰਮ ਹੈ
ਕੁਦਰਤ ਵਿੱਚ ਹਰਿਆਵਲ ਬੀਜਣਾ
ਹੀ ਤੇਰਾ ਕਰਮ ਹੈਂ

-0-

ਮਨੁੱਖਤਾ ਤੋਂ ਮਨੁੱਖ 'ਚ
ਮਨੁੱਖ ਤੋਂ ਮਨੁੱਖਤਾ 'ਚ ਫੈਲਿਆ ਹੈਂ ਤੂੰ
ਅੰਬਰਾਂ ਧਰਤੀਆਂ ਵਿਚਾਲੇ ਰਹਿ ਰਿਹਾ ਹੈਂ ਤੂੰ
ਧਰਤੀ ਦਾ ਮੈਲਾ ਪੂੰਝਦਾ ਹੈਂ ਤੂੰ
ਅੰਬਰ ਦਾ ਮੂੰਹ ਧੋਂਦਾ ਹੈਂ
ਜ਼ਿੰਦਗੀ ਨੂੰ ਜੀਵਨ ਬਖ਼ਸ਼ਦਾ ਹੈਂ
ਜੀਵਨ ਦਾ ਪ੍ਰਾਣ ਹੈਂ ਤੂੰ

-0-

ਨਿਮਰਤਾ ਸਵੱਸ਼ਤਾ ਸੱਚ
ਤੇ ਸੁੰਦਰਤਾ ਦਾ ਪ੍ਰਮਾਣ ਹੈਂ ਤੂੰ
ਏਨੀ ਹਲੀਮੀ ਰਹਿਮਦਿਲੀ
ਤੇ ਕਲਿਆਣ ਦੇ ਅੰਕੁਰ ਤੇਰੇ 'ਚ ਕਿੱਥੋਂ ਆਏ ਹਨ
ਤੇਰੀ ਦੇਹ ਤੇਰੀ ਸੋਚ 'ਚ
ਇਹ ਕਿੰਜ ਸਮਾਏ ਹਨ

-0-

ਮੈਂ ਪਾਣੀ
ਧਰਤੀ ਤੋਂ ਭਾਫ ਬਣਕੇ ਉੱਠਦਾ ਹਾਂ
ਧਰਤੀ ਤੋਂ ਅੰਬਰ ਤੱਕ ਦਾ ਸਫ਼ਰ ਕਰਦਾ ਹਾਂ
ਧਰਤੀ ਦੀ ਗੋਦ ਜਿਉਂਦਾ ਹਾਂ
ਨਸ ਨਸ 'ਚ ਵਸਦਾ ਹਾਂ
ਧਰਤੀ ਦੀ ਉਤਪਤੀ ਵਿਕਾਸ ਤੇ ਅਕਾਰ
'ਚ ਰਹਿੰਦਾ ਹਾਂ
ਧਰਤੀ ਤੋਂ ਜਿਉਣ ਦੇ ਢੰਗ ਸਿੱਖਦਾ ਹਾਂ
ਅੰਬਰ 'ਚ ਵਿਚਰਦਾ ਹਾਂ

-0-

ਬੋਧ ਬੁੱਧ ਤੇ ਚੇਤਨਤਾ
ਅੰਬਰ ਦੇ ਮਦਰੱਸੇ ਦੀ ਦੇਣ ਹੈ
ਅੰਬਰ ਦੀ ਉਚਾਈ 'ਚ ਉਤਰਦਾ ਹਾਂ

ਅੰਬਰ ਦੇ ਪਿੰਡੇ 'ਚ ਤੁਰਦਾ ਹਾਂ
ਅੰਬਰ ਚੰਨਾਂ ਸੂਰਜਾਂ ਤਾਰਿਆਂ ਦੀ ਲੋਅ
ਧਰਤੀ ਤੇ ਉਤਾਰਦਾ ਹੈ
ਸੁਚੱਜੇ ਜੀਵਣ ਜਿਉਣ ਦੇ ਦੀਵੇ
ਮੇਰੇ ਮਸਤਕ 'ਚ ਬਾਲਦਾ ਹੈ

-0-

ਮੈਂ ਭਾਫ਼ ਤੋਂ ਬੱਦਲ ਬਣਕੇ ਜਨਮਦਾ ਹਾਂ
ਤਪਦੀ ਧਰਤੀ ਤੇ ਵਰ੍ਹਦਾਂ ਹਾਂ
ਅੰਬਰ ਦਾ ਪਰ ਉਪਕਾਰੀ ਸਰੂਪ ਹੈ
ਧਰਤੀ ਉਤਪਤੀ ਦਾ ਰੂਪ ਹੈ
ਮੇਰੀ ਦੇਹ 'ਚ ਧਰਤੀ ਵੀ ਹੈ ਅੰਬਰ ਵੀ ਹੈ
ਹ਼ਲੀਮੀ ਰਹਿਮਦਿਲੀ ਤੇ ਕਲਿਆਣ ਦੇ ਅੰਕੁਰ
ਅੰਬਰ ਤੇ ਧਰਤੀ ਨੇ ਮੇਰੇ 'ਚ ਉੱਗਾਏ ਹਨ
ਜਿਉਣ ਦੇ ਢੰਗ ਧਰਤੀ ਤੋਂ ਅੰਬਰ ਦੇ
ਸਫ਼ਰ ਨੇ ਸਿੱਖਾਏ ਹਨ

-0-

ਜੇ ਧਰਤੀ ਜਨਮਦਾਤੀ ਹੈ
ਤਾਂ ਅੰਬਰ ਵਿਸ਼ਵ ਵਿਦਿਆਲਾ ਹੈ
ਗਿਆਨ ਦਾ ਭੰਡਾਰ ਹੈ ਉਜਾਲਾ ਹੈ
ਧਰਤੀ ਚੋਂ ਜਨਮਦਾ ਹਾਂ
ਗਿਆਨ ਅੰਬਰ ਤੋਂ ਪਾਦਾਂ ਹਾਂ
ਭਾਫ ਬਣਕੇ ਅੰਬਰ ਤੋਂ ਧਰਤੀ ਤੇ ਵਰ੍ਹ ਜਾਂਦਾ ਹਾਂ

0 0 0

## ਪਿੰਡ

ਪਿੰਡ ਦੀਆਂ ਜੜ੍ਹਾਂ 'ਚ ਪਿੰਡ ਹੈ
ਪਿੰਡ ਦੇ ਮਸਤਕ 'ਚ ਸ਼ਹਿਰ ਹੈ
ਸ਼ਹਿਰ ਦੀ ਲਿਸ਼ਕ ਪੁਸ਼ਕ ਹਸਲ ਬਸਲ
ਤੇ ਸ਼ਹਿਰ ਦੀਆਂ ਰੰਗੀਨੀਆਂ ਦੀ
ਪਿੰਡ ਨੂੰ ਪਿਆਸ ਹੈ
ਪਿੰਡ ਦੇ ਪਿੰਡੇ 'ਚ ਸ਼ਹਿਰ ਦਾ ਵਿਕਾਸ ਹੈ

-0-

ਸ਼ਹਿਰ ਪਿੰਡ ਦੇ ਚਿਹਰੇ 'ਚ ਉਤਰੇਗਾ
ਤੇ ਜੜ੍ਹ ਤੱਕ ਅੱਪੜ ਜਾਵੇਗਾ
ਪਿੰਡ ਬਨਵਾਸੀ ਹੋ ਜਾਏਗਾ
ਆਪਣੇ ਘਰ 'ਚ ਬੈਠਾ ਹੀ ਪ੍ਰਵਾਸੀ ਹੋ ਜਾਏਗਾ

-0-

ਬਨਵਾਸ ਤੋਂ ਪਿੰਡ ਨਹੀਂ
ਪਿੰਡ ਦੀ ਲਾਸ਼ ਪਰਤੇਗੀ
ਜੋ ਸ਼ਹਿਰੋਂ ਬਾਹਰ ਦਫਨਾਈ ਜਾਏਗੀ
ਸ਼ਹਿਰ ਦੀ ਕਥਾ ਜਦ ਕੋਈ
ਪਿੰਡ ਨੂੰ ਸੁਣਾਏਗਾ
ਪਿੰਡ ਦੀਆਂ ਅੱਖਾਂ ਚੋਂ ਬੱਦਲ ਵਰਸ ਜਾਏਗਾ
ਪਿੰਡ ਦੀ ਕਥਾ ਜਦ ਸ਼ਹਿਰ ਸੁਣੇਗਾ
ਤੇ ਪਿੰਡ ਦੇ ਭੋਲੇਪਣ ਤੇ ਹੱਸੇਗਾ
ਸ਼ਹਿਰ ਜਦ ਪਿੰਡ ਦੀ ਨਸ ਨਸ 'ਚ ਵਸੇਗਾ

0 0 0

## ਰੁੱਖ

ਰੁੱਖ ਉਦਾਸ ਹੈ ਇਕੱਲਾ ਹੈ
ਸੰਗਤ ਵਿਹੂਣਾ ਹੈ
ਰੁੱਖ ਚੋਂ ਰੁੱਖ ਬੋਲਦਾ ਹੈ
ਰੁੱਖ ਦੇ ਸੱਚ ਦਾ ਭੇਦ ਖੋਲ੍ਹਦਾ ਹੈ
ਤੂੰ ਉਦਾਸ ਨਾ ਹੋ
ਤੂੰ ਇਕੱਲਾ ਨਹੀਂ ਸੰਗਤ ਵਿਹੂਣਾ ਨਹੀਂ

-0-

ਤੇਰੇ ਫੁੱਲਾਂ 'ਚ ਜਿੰਨੇ ਬੀਜ ਹਨ
ਉਨ੍ਹਾਂ 'ਚ ਤਾਰਿਆਂ
ਤੇ ਰੇਤ ਦੇ ਜ਼ੱਰਿਆ ਜਿੰਨੇ ਜੰਗਲ ਸਮਾਏ ਹਨ
ਤੂੰ ਜੰਗਲ 'ਚ ਨਹੀਂ
ਤੇਰੇ ਦੁਆਲੇ ਜੰਗਲਾਂ ਦੇ ਸਿਰ ਉੱਗ ਆਏ ਹਨ
ਤੇਰੇ ਬੀਜ ਤੇਰੇ ਚੋਂ ਜੰਗਲ ਬਣਕੇ
ਪੁੱਗ ਆਏ ਹਨ

-0-

ਹੁਣ ਰੁੱਖ ਜੰਗਲ 'ਚ ਵਿਚਰਦਾ ਹੈ
ਰੁੱਖਾਂ ਨੂੰ ਮਿਲਦਾ ਹੈ
ਆਪਣਾ ਸੱਚ ਜਾਣਦਾ ਹੈ
ਚਿਹਰਾ ਪਹਿਚਾਣਦਾ ਹੈ
ਬੀਜ ਚੋਂ ਆਪਣਾ ਅਕਸ ਵੇਖਦਾ ਹੈ
ਸਦਾ ਜਿਉਣ ਦਾ ਨਿੱਘ ਸੇਕਦਾ ਹੈ

0 0 0

## ਸੁਰਮਾਂ

ਸੁਰਮਾਂ ਅੱਖ ਨਹੀਂ ਪਾਉਂਦੀ
ਸੁਰਮਾਂ ਅੱਖ ਨੂੰ ਪਾਉਂਦਾ ਹੈ
ਤੋਰ 'ਚ ਮਟਕ ਭਰਦਾ ਹੈ
ਸਾਹਾਂ 'ਚ ਖੁਸ਼ਬੂ ਧਰਦਾ ਹੈ
ਅੱਖਾਂ ਨੂੰ ਮਟਕਣਾ ਦੱਸਦਾ ਹੈ

-0-

ਨਜ਼ਰ ਪੱਥਰ ਤੇ ਪੈਂਦੀ ਹੈ
ਪੱਥਰ ਤੁਰਨਾ ਬੋਲਣਾ ਸੁਣਨਾ ਸ਼ੁਰੂ ਕਰਦਾ ਹੈ
ਹਵਾ 'ਚ ਉੱਡਦਾ ਹੈ ਪਾਣੀ ਤੇ ਤਰਦਾ ਹੈ
ਰੁੱਖ ਆਪਣੇ ਅਕਸ ਸੁਰਮੇਂ ਵਾਲੀ
ਅੱਖ 'ਚ ਉਤਾਰਦੇ ਹਨ
ਆਪਣੀ ਹਰਿਆਵਲ ਤੇ ਖੁਸ਼ਬੂ
ਨਜ਼ਰਾਂ ਦੇ ਪੈਰੀਂ ਖਿਲਾਰਦੇ ਹਨ
ਮੌਸਮ ਬਹਾਰਾਂ ਰੰਗ ਤੇਂ ਰੁੱਤਾਂ
ਆਪਣਾ ਵਜੂਦ ਸੁਰਮੇਂ ਵਾਲੀ
ਅੱਖ 'ਚ ਧਰਦੀਆਂ ਹਨ
ਸੁਰਮੇਂ ਵਾਲੀ ਅੱਖ ਦਾ
ਪੌਣਾਂ ਪਾਣੀ ਭਰਦੀਆਂ ਹਨ

-0-

ਨਜ਼ਰ ਸੁਰਮੇਂ ਜਿਹਾ ਅਕਸ
ਦੁਆਲੇ ਚੋਂ ਭਾਲਦੀ ਹੈ
ਦੀਵੇ ਦੀ ਲੋਅ ਜਿਹਾ ਰੂਪ
ਨੈਣਾਂ 'ਚ ਉਤਾਰਦੀ ਹੈ
ਸ਼ਰਬਤੀ ਰੰਗ ਦਾ ਸੁਫ਼ਨਾ ਸਹਿਕਾਰਦੀ ਹੈ

-0-

ਅੱਖ ਜਦ ਸੁਰਮੇ 'ਚ ਢਲਦੀ ਹੈ
ਸੁਰਮਾ ਜਦ ਅੱਖ 'ਚ ਢਲਦਾ ਹੈ
ਆਪਣੇ ਹੀ ਜਿਸਮ ਚੋਂ ਖੁਸ਼ਬੂ ਆਉਂਦੀ ਹੈ
ਸੱਚ ਸੁੰਦਰਤਾ ਕਹਾਉਂਦਾ ਹੈ
ਸੁੰਦਰਤਾ ਸੱਚ ਕਹਾਉਂਦੀ ਹੈ

0 0 0

## ਬਾਰੀ

ਬਾਰੀ ਚੋਂ ਦੋ ਨੈਣ ਝਾਕਦੇ ਹਨ
ਸੂਰਜਾਂ ਦੇ ਦੀਵੇ ਗਲੀਆਂ 'ਚ ਬਾਲਦੇ ਹਨ
ਗੋਰੇ ਰੰਗ ਦੀਆਂ ਕਿਰਨਾਂ
ਗਲੀਆਂ 'ਚ ਭੌਂਦੀਆਂ ਹਨ
ਆਪਣਾ ਬ੍ਰਿਹਾ ਗਾਉਂਦੀਆਂ ਹਨ

-0-

ਹੁਸਨ ਇਸ਼ਕ ਦੀ ਭਾਲ 'ਚ ਹੈ
ਆਪਣੀ ਅੱਗ ਦੇ ਉਬਾਲ 'ਚ ਹੈ
ਇਸ਼ਕ ਹੁਸਨ ਦੇ ਲਿਬਾਸ 'ਚ ਹੈ
ਹੁਸਨ ਦੇ ਸਾਹਾਂ ਦੇ ਤਾਲ 'ਚ ਹੈ
ਇਸ਼ਕ ਦਾ ਹੁਸਨ ਦੀ ਨਸ ਨਸ 'ਚ ਵਸੇਰਾ ਹੈ
ਇਸ਼ਕ ਹੁਸਨ ਦੇ ਲਹੂ ਦੀ ਰਫ਼ਤਾਰ 'ਚ ਹੈ
ਹੁਸਨ ਆਪਣੀਆਂ ਪਲਕਾਂ
ਛਾਤੀ ਤੇ ਝੁਕਾਉਂਦਾ ਹੈ
ਬੱਦਲ ਇਸ਼ਕ ਦਾ ਹੁਸਨ ਦੇ ਅੰਦਰ
ਵਰ੍ਹ ਜਾਂਦਾ ਹੈ
ਦੋ ਨੈਣ ਬਾਰੀ ਢੋਅ ਲੈਂਦੇ ਹਨ
ਆਪਣੇ ਜਿਸਮ ਚੋਂ ਇਸ਼ਕ ਦੀ ਖ਼ੁਸ਼ਬੂ ਲੈਂਦੇ ਹਨ

-0-

ਹੁਸਨ ਬਾਰ ਬਾਰ ਆਪਣਾ
ਚਿਹਰਾ ਤੱਕਦਾ ਹੈ
ਦਰਪਣ ਬਾਰ ਬਾਰ ਦੱਸਦਾ ਹੈ
ਤੇਰੇ 'ਚ ਇਸ਼ਕ ਜਿਉਂਦਾ ਹੈ
ਤੇਰੇ 'ਚ ਇਸ਼ਕ ਵਸਦਾ ਹੈ

-0-

ਇਸ਼ਕ ਨੂੰ ਬਾਹਰ ਨਹੀਂ
ਆਪਣੇ ਪਿੰਡੇ ਚੋਂ ਭਾਲ
ਤੇਰੇ ਹੁਸਨ 'ਚ ਹੀ ਤੇਰਾ ਇਸ਼ਕ ਆਬਾਦ ਹੈ
ਜਿਸ 'ਚ ਤੇਰੇ ਹੁਸਨ ਦੀ ਜੜ੍ਹ ਹੈ
ਸੁਰ ਹੈ ਗੀਤ ਹੈ ਸਾਜ਼ ਹੈ

0 0 0

## ਕਬਰ

ਕਬਰ ਚੋਂ ਝਾਕਦੇ ਦੋ ਨੈਣ
ਜ਼ਿੰਦਗੀ ਭਾਲਦੇ ਦੋ ਨੈਣ
ਆਉਂਦੇ ਜਾਂਦੇ ਰਾਹੀ ਨੂੰ ਪੁੱਛਦੇ ਹਨ
ਸਾਨੂੰ ਪਹਿਚਾਣਦੇ ਹੋ
ਸਾਨੂੰ ਜਾਣਦੇ ਹੋ
ਅਸੀਂ ਤੁਹਾਡੇ ਬੈਕ ਜਾਰਡ 'ਚ
ਜੰਮੇ ਪਲੇ ਤੇ ਜੁਆਨ ਹੋਏ ਹਾਂ

-0-

ਰਾਹੀ ਬੋਲਦਾ ਹੈ
ਮੈਂ ਪਿੱਛੇ ਮੁੜਕੇ ਤੱਕਣਾ ਨਹੀਂ ਸਿੱਖਿਆ
ਸਦਾ ਭਵਿੱਖ ਵੱਲ ਤੁਰਿਆ ਹਾਂ
ਪੌਣਾਂ ਦੀ ਸਵਾਰੀ ਤੇ
ਅੰਬਰ 'ਚ ਉਤਰਿਆ ਹਾਂ

-0-

ਨੈਣ ਕਹਿੰਦੇ ਹਨ
ਜਿਨ੍ਹਾਂ ਤੂੰ ਭਵਿੱਖ ਵੱਲ ਭੱਜਦਾ ਜਾ ਰਿਹਾ ਹੈਂ
ਉਹਨਾਂ ਹੀ ਤੂੰ ਸਾਡੇ ਕੋਲ ਆ ਰਿਹਾ ਹੈਂ
ਪਰ ਇਕ ਗੱਲ ਵਿਸਾਰੀ ਨਾ
ਜ਼ਿੰਦਗੀ 'ਚ ਮੌਤ ਉਤਾਰ ਲਵੀਂ
ਮੌਤ 'ਚ ਜਿੰਦਗੀ ਉਤਾਰੀਂ ਨਾ

0 0 0

## ਗੁੱਲੀ ਡੰਡਾ

ਗੁੱਲੀ ਡੰਡਾ
ਸਿਰਫ ਖੇਡ ਹੀ ਨਹੀਂ
ਮਨ ਪ੍ਰਚਾਵਾ ਹੀ ਨਹੀਂ
ਪ੍ਰਤੀਕ ਹੈ ਜੋਤ ਤੇ ਨਿਰੰਜਨ ਦਾ
ਦੂਰ ਨੇੜੇ ਦਾ
ਆਪਣੇ ਚੋਂ ਆਪਣਾ ਸੱਚ ਦਿਸਣ ਦਾ

-0-

ਗੁੱਲੀ ਜੋਤ ਦੀ ਕੱਠਪੁਤਲੀ ਹੈ
ਜੋ ਨਿਰੰਜਨ ਦੇ ਡੰਡੇ ਤੇ ਨੱਚਦੀ ਹੈ
ਟੱਪਦੀ ਹੈ ਉੱਡਦੀ ਹੈ ਤੁਰਦੀ ਹੈਂ ਰਿੜਦੀ ਹੈ
ਆਪਣੇ ਚੋਂ
ਆਪਣਾ ਸੱਚ ਜਾਨਣ ਲਈ
ਕਦੀ ਡੰਡੇ ਦੇ ਨੇੜੇ ਕਦੀ ਦੂਰ ਦਿੱਸਦੀ ਹੈ

-0-

ਆਪਣਾ ਸਫ਼ਰ ਮੁਕਾ ਕੇ
ਜਦ ਡੰਡੇ ਨੂੰ ਮਿਲਦੀ ਹੈ
ਤਾਂ ਪੁੱਗਦੀ ਹੈ
ਗੁੱਲੀ ਦੇ ਪੈਰਾਂ ਦੀ ਭਟਕਣ ਦੀ ਜੂਨ ਮੁਕਦੀ ਹੈ
ਆਪਣੇ ਡੰਡੇ 'ਚ ਸਮਾਂਦੀ ਹੈ
ਆਪਣੀ ਖੇਡ ਦੀ ਵਾਰੀ ਪੁਗਾਂਦੀ ਹੈ

0 0 0

# ਸ਼ਮਾ

ਸ਼ਮਾ ਜੋ ਜਗਦੀ ਹੈ
ਪ੍ਰਵਾਨੇ ਦੀ ਮੌਤ ਬਣਕੇ ਨਹੀਂ ਜਗਦੀ
ਸ਼ਮਾ ਪ੍ਰਵਾਨੇ ਨੂੰ ਜ਼ਿੰਦਗੀ ਲਗਦੀ ਹੈ
ਪ੍ਰਵਾਨਾ ਆਪਣੇ ਅੰਦਰਲੇ ਹਨ੍ਹੇਰੇ ਲਈ
ਸ਼ਮਾ ਦੀ ਜ਼ਿੰਦਗੀ ਦਾ ਚਾਨਣ
ਉਤਾਰਨਾ ਚਾਹੁੰਦਾ ਹੈ
ਸ਼ਮਾ ਵਾਂਗ ਜੀਵਨ 'ਚ
ਆਪਣਾ ਚਾਨਣ ਖਿਲਾਰਨਾ ਚਾਹੁੰਦਾ ਹੈ
ਚਾਨਣ ਵੰਡਦਿਆਂ ਜੀਵਨ ਗੁਜ਼ਾਰਨਾ ਚਾਹੁੰਦਾ ਹੈ

-0-

ਬਿਜਾਏ ਸ਼ਮਾ ਨੂੰ ਆਪਣੇ 'ਚ ਉਤਾਰਨ ਦੇ
ਸ਼ਮਾ 'ਚ ਆਪ ਉੱਤਰ ਜਾਂਦਾ ਹੈ
ਸੜ ਜ਼ਾਂਦਾ ਹੈ ਮਰ ਜਾਂਦਾ ਹੈ
ਸ਼ਮਾ ਦਾ ਹੋ ਕੇ ਚਾਨਣ ਪ੍ਰਵਾਨਾ ਬਲ ਜਾਂਦਾ ਹੈ
ਆਪਣੀ ਮੌਤ ਦਾ ਇਲਜ਼ਾਮ
ਸ਼ਮਾ ਸਿਰ ਧਰ ਜਾਂਦਾ ਹੈ
ਸ਼ਮਾ ਜੋ ਜਗਦੀ ਹੈ
ਪ੍ਰਵਾਨੇ ਦੀ ਮੌਤ ਬਣਕੇ ਨਹੀਂ ਜਗਦੀ
ਪ੍ਰਵਾਨੇ ਨੂੰ ਜ਼ਿੰਦਗੀ ਲਗਦੀ ਹੈ

-0-

ਸ਼ਮਾ ਇਸ ਇਲਜ਼ਾਮ ਹੇਠਾਂ
ਕਤਰਾ ਕਤਰਾ ਸਾਰੀ ਰਾਤ ਬਲਦੀ ਹੈ
ਪ੍ਰਵਾਨੇ ਦੀ ਮੌਤ ਦਾ ਗ਼ਮ ਹੰਢਾਉਂਦੀ ਹੈ
ਗ਼ਮ 'ਚ ਆਪਣੇ ਅੱਥਰੂਆਂ 'ਚ ਢਲ ਜਾਂਦੀ ਹੈ
ਜਦ ਜੀਵਨ ਦੇ ਅਗਾਜ਼ ਦੀ ਸੁਬ੍ਹਾ ਹੁੰਦੀ ਹੈ
ਤਾਂ ਬੁੱਝ ਜਾਂਦੀ ਹੈ
ਬੁੱਝ ਕੇ ਸ਼ਮਾ
ਪ੍ਰਵਾਨੇ ਦੀ ਮੌਤ ਦਾ ਸਿਰ ਤੋਂ ਇਲਜ਼ਾਮ ਉਤਾਰਦੀ ਹੈ
ਜੀਵਨ ਅਗਾਜ਼ 'ਚ ਬੁੱਝਣ ਦਾ ਗਮ
ਚੁੱਪ ਚਾਪ ਸਹਾਰਦੀ ਹੈ ਹੰਝੂ ਕੇਰਦੀ ਹੈ
ਬਦ ਕਿਸਮਤੀ ਨਾਲ ਸਾਰੀ ਰਾਤ ਜਗਨ ਦਾ
ਕਰਜ਼ਾ ਉਤਾਰਦੀ ਹੈ

0 0 0

# ਪੇਟ

ਮਾਂ ਆਪਣੇ ਪੇਟ ਤੇ ਹੱਥ ਫੇਰਦੀ ਹੈ
ਗਰਭ ਵਿਚਲੀ ਜਾਨ ਨੂੰ
ਆਪਣੀ ਉਂਗਲੀ ਫੜਾਉਂਦੀ ਹੈ
ਆਪਣੇ ਭੂਤ ਵਰਤਮਾਨ ਤੇ ਭਵਿੱਖ 'ਚ
ਲੈ ਜਾਂਦੀ ਹੈ
ਆਪਣਾ ਅੰਦਰ ਵਿਖਾਉਂਦੀ ਹੈ
ਮਾਂ ਧੀ 'ਚ ਧੀ ਮਾਂ 'ਚ ਉਤਰ ਜਾਂਦੀ ਹੈ

-0-

ਮਾਂ ਆਪਣਾ ਬੁੱਢਾ ਤੇ ਪੁਰਾਣਾ ਸੂਰਜ
ਧੀ ਦੀ ਤਖ਼ਤੀ ਤੇ ਲਿਖਦੀ ਹੈ
ਧੀ ਨਵਜੰਮੇ ਸੂਰਜ ਦੀਆਂ ਕਿਰਨਾਂ
ਮਾਂ ਦੇ ਮਸਤਕ 'ਚ ਧਰਦੀ ਹੈ

-0-

ਮਾਂ ਦਾ ਜਿਸਮ ਹੰਗਾਲਿਆ ਜਾਂਦਾ ਹੈ
ਹੰਗਾਲੇ ਜਿਸਮ 'ਚ ਝੂਠ ਦਾ ਝੂਠ ਸੱਚ ਦਾ ਸੱਚ
ਨਿਤਰਦਾ ਹੈ
ਮਾਂ ਦੀਆਂ ਅੱਖਾਂ ਚੋਂ
ਹੰਗਾਲੇ ਜਿਸਮ ਦਾ ਮੈਲਾ ਜਿਹਾ ਅੱਥਰੂ ਡਿੱਗਦਾ ਹੈ
ਗਰਭ 'ਚ ਧੀ ਦੀ ਧੁੰਨੀ 'ਚ ਠਹਿਰਦਾ ਹੈ

-0-

ਧੀ ਦਾ ਕੰਠ ਪੁਕਾਰਦਾ ਹੈ
ਬੁੱਢੇ ਤੇ ਪੁਰਾਣੇ ਸੂਰਜ ਦੇ ਸਾਏ 'ਚ
ਮੈਂ ਰਹਿ ਨਹੀਂ ਸਕਦੀ ਮੈਂ ਜੀਅ ਨਹੀਂ ਸਕਦੀ
ਮਾਂ
ਇਹ ਜ਼ਹਿਰ ਜੋ ਤੂੰ ਸਾਰੀ ਉਮਰ ਪੀਤਾ ਹੈ
ਮੇਰੇ ਅੰਦਰ ਦੀ ਔਰਤ ਪੀ ਨਹੀਂ ਸਕਦੀ

0 0 0

# ਪੈਰ

ਪੈਰ ਸਿਰਫ਼ ਪੈਰ ਨਹੀਂ ਹਨ
ਪੈਰਾਂ 'ਚ ਦੁਨੀਆਂ ਦਾ ਭਰਮਣ ਹੈ
ਭਰਮਣ 'ਚ ਗਿਆਨ ਹੈ ਵਿਗਿਆਨ ਹੈ
ਦਰਸ਼ਨ ਹੈ ਅਦੀਬਤਾ ਹੈ

-0-

ਬਾਬੇ ਨਾਨਕ ਨੇ ਭਰਮਣ ਕੀਤਾ
ਤੇ ਭਰਮਣ 'ਚ ਗਿਆਨ ਦੇ ਸੂਰਜ ਦਾ
ਚਾਨਣ ਖਿਲਾਰਿਆ
ਦੁਨੀਆਂ ਨੂੰ ਦੁਨੀਆਂ ਦੇ ਸੱਚ 'ਚ ਉਤਾਰਿਆ
ਮਨੁੱਖ 'ਚ ਮਨੁੱਖ ਦੀ ਹੋਂਦ ਨੂੰ ਸਿਮਰਿਆ
ਵਿਸ਼ਵ ਦੇ ਸੱਚ ਨੂੰ ਧਿਆਇਆ ਤੇ ਵਿਚਾਰਿਆ
ਆਪਣੇ ਪੈਰਾਂ ਦੀ ਪ੍ਰਕਰਮਾ ਨਾਨਕ ਨੇ ਕੀਤੀ
ਬ੍ਰਹਿਮੰਡਾਂ ਦਾ ਸੱਚ ਅਕਾਸ਼ ਤੋਂ
ਧਰਤੀ ਤੇ ਉਤਾਰਿਆ
ਆਪਣੇ ਪੈਰਾਂ 'ਚ ਝਾਕਿਆ
ਪੈਰਾਂ ਦੇ ਵਜੂਦ ਦੀ ਤ੍ਰਿਸ਼ਨਾ ਨੂੰ ਪਹਿਚਾਣਿਆ
ਪੈਰਾਂ 'ਚ ਸਫ਼ਰ ਦੇ ਸੱਚ ਨੂੰ ਜਾਣਿਆ

-0-

ਪੈਰਾਂ ਦੇ ਸੱਚ ਚੋਂ
ਆਪਣਾ ਸੱਚ ਨਜ਼ਰ ਆਇਆ
ਨਾਨਕ ਆਪਣੇ ਪੈਰਾਂ 'ਚ ਇਨਾਂ ਉਤਰ ਗਿਆ
ਕਿ ਪੈਰਾਂ 'ਚ ਸਮਾ ਗਿਆ
ਬਣਕੇ ਨੂਰ ਧਰਤ ਤੋਂ ਉਠਿਆ
ਅੰਬਰ ਤੇ ਛਾ ਗਿਆ

0 0 0

# ਮਦਰੱਸਾ

ਮਦਰੱਸਾ
ਇੱਟਾਂ ਵੱਟਿਆਂ ਦਾ ਬਣਿਆ ਵਜੂਦ ਨਹੀਂ
ਮਦਰੱਸੇ ਦੀ ਨੀਂਹ 'ਚ
ਗਿਆਨ, ਵਿਗਿਆਨ ਤੇ ਚਾਨਣ ਦਾ ਭੰਡਾਰ ਹੈ
ਮਦਰੱਸਾ, ਜੀਵਨ ਦਾ ਅਧਾਰ ਹੈ
ਵਿੱਦਿਆ ਦਾ ਦਰਬਾਰ ਹੈ

-0-

ਵਿੱਸ਼ਵ ਦਾ ਚਾਨਣ
ਮਦਰੱਸੇ ਦੇ ਲਹੂ 'ਚ ਸਮਾਇਆ ਹੈ
ਮਦਰੱਸਾ, ਵੇਦਾਂ ਸ਼ਾਸਤਰਾਂ ਗ੍ਰੰਥਾਂ ਦੀ ਰੂਹ ਹੈ
ਨੰਨੀਆਂ ਨੰਨੀਆਂ ਜੋਤਾਂ ਦਾ ਘਰ ਹੈ
ਸੂਰਜਾਂ ਦੇ ਸੂਰਜ ਦਾ ਦਰ ਹੈ
ਜਿਸ 'ਚ ਸੱਚ ਖੰਡ ਦਾ ਵਸੇਰਾ ਹੈ
ਨੂਰ ਤੇ ਰੱਬਤਾ ਦਾ ਡੇਰਾ ਹੈ

-0-

ਰੱਬੀ ਨੂਰ ਦਾ ਤੀਰਥ ਹੈ
ਤੀਸਰੀ ਅੱਖ ਦਾ ਦੁਆਰ ਹੈ
ਸੂਰਜਾਂ, ਚੰਨਾਂ, ਤਾਰਿਆਂ ਦੀ ਲੋਅ ਦਾ
ਭੰਡਾਰ ਹੈ
ਜ਼ਿੰਦਗੀ ਤੇ ਸਿਰਜਣਹਾਰ ਦੇ ਭੇਦ ਖੋਲ੍ਹਦਾ ਹੈ
ਸੱਚ ਸਿੱਖਾਉਂਦਾ ਹੈ ਸੱਚ ਬੋਲਦਾ ਹੈ
ਧਰਤੀ ਤੇ ਸੂਰਜਾਂ ਦੀ ਪਨੀਰੀ ਲਾਉਂਦਾ ਹੈ
ਮਦਰੱਸਾ ਸੱਚ ਦਾ ਘਰ ਕਹਾਉਂਦਾ ਹੈ

-0-

ਮਦਰੱਸਾ
ਇੱਟਾਂ ਵੱਟਿਆਂ ਦਾ ਬਣਿਆ ਵਜੂਦ ਨਹੀਂ
ਮਦਰੱਸੇ ਦੀ ਨੀਂਹ 'ਚ ਗਿਆਨ ਵਿਗਿਆਨ
ਦਰਸ਼ਨ ਤੇ ਚਾਨਣ ਦਾ ਭੰਡਾਰ ਹੈ
ਮਦਰੱਸਾ ਜੀਵਨ ਦਾ ਅਧਾਰ ਹੈ
ਵਿੱਦਿਆ ਦਾ ਦਰਬਾਰ ਹੈ

0 0 0

## ਸ਼ਮਸ਼ਾਨ

ਸ਼ਮਸ਼ਾਨ ਮੌਤ ਦਾ ਸਿਰ ਹੈ
ਜ਼ਿੰਦਗੀ ਦੀ ਧੁੰਨੀ ਹੈ
ਸ਼ਮਸ਼ਾਨ ਦਾ ਧਰਤੀ ਦੇ ਸੀਨੇ 'ਚ ਡੇਰਾ ਹੈ
ਸ਼ਮਸ਼ਾਨ 'ਚ ਸੁੱਤਾ ਮਨੁੱਖ ਚਿੰਤਾਮੁਕਤ ਹੈ
ਨਿਰਭਉ ਹੈ ਨਿਰਵੈਰ ਹੈ
ਜਨਮ ਮਰਨ ਦੇ ਭਰਮ ਤੋਂ ਰਹਿਤ ਹੈ

-0-

ਸ਼ਮਸ਼ਾਨ ਜ਼ਿੰਦਗੀ ਦਾ ਅੰਤਮ
ਠਿਕਾਣਾ ਹੈ
ਜ਼ਿੰਦਗੀ ਦਾ ਥਹੁ ਹੈ ਜ਼ਿੰਦਗੀ ਦੀ ਕੁੱਖ ਹੈ
ਮੌਤ ਤੋਂ ਪਿਛਲੇਰੇ ਸਫ਼ਰ ਦਾ ਪੜਾ ਹੈ

-0-

ਜਿਉਂਦਾ ਮਨੁੱਖ
ਸ਼ਮਸ਼ਾਨ ਦਾ ਵਜੂਦ ਤੇ ਤਾਸੀਰ
ਜੇ ਜੀਵਨ 'ਚ ਉਤਾਰ ਲਵੇ
ਆਪਣਾ ਲੋਕ ਤੇ ਪ੍ਰਲੋਕ ਸੁਆਰ ਲਵੇ
ਮਰਜੀਵੜਾ ਹੋ ਕੇ ਮਨੁੱਖ ਜੇ ਜੀਵੇ
ਆਪਣੀ ਮੌਤ ਤੇ ਜੀਵਨ ਸੁਆਰ ਲਏ
ਆਪਣੇ ਜੀਵਨ 'ਚ ਮੌਤ
ਮੌਤ 'ਚ ਜੀਵਨ ਉਤਾਰ ਲਏ
ਤਾਂ ਮੌਤੋਂ ਪਹਿਲਾਂ
ਜ਼ਿੰਦਗੀ ਦਾ ਸ਼ਮਸ਼ਾਨ ਸਿਆਣ ਸਕਦਾ ਹੈ
ਸ਼ਮਸ਼ਾਨ 'ਚ ਜਿਉਂਦੀ ਜ਼ਿੰਦਗੀ
ਪਹਿਚਾਣ ਸਕਦਾ ਹੈ।

0 0 0

# ਹੱਥ

ਹੱਥ ਮਨੁੱਖ ਲਈ ਰੁਜ਼ਗਾਰ ਦਾ ਸਾਧਨ ਹੀ ਨਹੀਂ
ਹੱਥਾਂ 'ਚ ਮਨੁੱਖ ਦਾ ਅਤੀਤ ਹੈ
ਵਰਤਮਾਨ ਹੈ ਭਵਿੱਖ ਹੈ
ਹੱਥਾਂ ਦੇ ਦਰ ਖੋਲ੍ਹੋ ਤੇ ਅੰਦਰ ਉਤਰੋ
ਹੱਥਾਂ ਦੀਆਂ ਤਲੀਆਂ 'ਚ ਮਨੁੱਖ ਦਾ ਚਿਹਰਾ ਹੈ
ਮਸਤਕ ਦੀ ਤਕਦੀਰ ਹੈ

-0-

ਹੱਥ ਵਿੱਦਿਆ ਦਾ ਖਜ਼ਾਨਾਂ ਹਨ
ਹੱਥਾਂ 'ਚ ਮਨੁੱਖ ਹੈ ਮਨੁੱਖ ਦਾ ਜ਼ਮਾਨਾ ਹੈ
ਹੱਥਾਂ ਦੀਆਂ ਤਲੀਆਂ 'ਚ ਮਨੁੱਖ ਦੇ
ਜਨਮ ਤੇ ਮਰਨ ਦੀ ਤਦਬੀਰ ਹੈ
ਹੱਥਾਂ ਦੀ ਛਾਂ
ਅੰਬਰ ਦੀ ਛਾਂ ਤੋਂ ਸੰਘਣੀ ਗਹਿਰੀ ਤੇ
ਉਚੇਰੀ ਹੈ
ਹੱਥਾਂ ਦੀ ਛਾਂ 'ਚ ਸਮਿਆਂ ਦਾ ਆਸਰਾ ਹੈ
ਧਰਤੀ ਦੀ ਹਮਦਰਦੀ ਹੈ
ਹੱਥਾਂ ਦੀ ਛਾਂ 'ਚ ਮੌਤ ਦੇ ਮੂੰਹ ਚੋਂ ਵੀ
ਜ਼ਿੰਦਗੀ ਬਚ ਨਿਕਲਦੀ ਹੈ

-0-

ਹੱਥ ਸਖ਼ੀ ਹਨ ਸੰਤੋਖੀ ਹਨ
ਹੱਥ ਰੱਬੀ ਮਿਹਰ ਦੀ ਅਰਦਾਸ ਦਾ ਵਸੇਰਾ ਹਨ
ਹੱਥ ਜਦ ਹੱਥਾਂ ਨਾਲ ਮਿਲਦਾ ਹੈ
ਹੱਥਾਂ 'ਚੋਂ ਪਿਆਰ ਸਿੰਮਦਾ ਹੈ
ਹੱਥ ਦੋਸਤੀ ਦਾ ਸੋਮਾ ਹਨ
ਹੱਥ ਹਮਦਰਦੀ ਦਾ, ਜਦ ਵੀ ਸਿਰ ਤੇ ਫਿਰਦਾ ਹੈ
ਅੱਖਾਂ 'ਚੋਂ ਅੱਥਰੂਆਂ ਦਾ ਖੂਹ ਗਿੜਦਾ ਹੈ
ਹੱਥ ਅੱਖਾਂ ਹਨ ਜ਼ੁਬਾਨ ਹਨ
ਮਨੁੱਖ ਦਾ ਚਿਹਰਾ ਹਨ
ਮਨੁੱਖੀ ਜਿਸਮ ਦਾ ਦਰਵਾਜ਼ਾ ਹਨ
ਵਿਹੜਾ ਹਨ

-0-

ਹੱਥਾਂ ਦੀਆਂ ਉਂਗਲਾਂ
ਜਦ ਸਾਜ਼ ਤੇ ਫਿਰਦੀਆਂ ਹਨ
ਸਾਜ਼ ਦੇ ਜਿਸਮ ਚੋਂ ਅਲਾਹੀ
ਤਰਬਾਂ ਛਿੜਦੀਆਂ ਹਨ
ਹੱਥਾਂ ਚੋਂ ਮਨੁੱਖ ਨੂੰ ਆਪਣਾ ਨੂਰ
ਨਜ਼ਰ ਆਉਂਦਾ ਹੈ
ਜਦ ਮਨੁੱਖ ਤਾੜੀ ਮਾਰ ਕੇ ਹੱਸਦਾ ਹੈ
ਤਾਂ ਮਨੁੱਖ ਦੇ ਫੇਫੜਿਆਂ 'ਚ
ਰੱਬ ਆਣ ਵਸਦਾ ਹੈ

-0-

ਹੱਥ ਮਨੁੱਖ ਦੀ ਪ੍ਰਾਣ ਸ਼ਕਤੀ ਹਨ
ਮਨੁੱਖ ਦੇ ਪਿੰਡੇ ਦੀ ਧਰਤੀ ਹਨ
ਮਨੁੱਖੀ ਬੋਧ ਦੇ ਅਸਮਾਨ ਤੇ
ਚੇਤਨਾ, ਚੰਨਾਂ, ਸੂਰਜਾਂ, ਤਾਰਿਆਂ ਦੀ ਹਸਤੀ ਹਨ

0 0 0

## ਗੋਗਾ

ਗੋਗਾ ਜਦ ਘਰ 'ਚੋਂ ਗਲੀ 'ਚ ਨਿਕਲਦਾ
ਤਾਂ ਗਲੀਆਂ ਦੇ ਜੁਆਕ
ਉਸ ਨੂੰ ਛੇੜਦੇ
ਗੋਗਾ ਆਖਦਾ
ਉਹ ਰੁੱਖ ਦੀ ਛਾਂ ਨਹੀਂ
ਜਿਸ ਹੇਠ ਮੁਸਾਫ਼ਰ ਆਰਾਮ ਕਰਨਗੇ
ਉਹ ਤਾਂ ਸਰਪੱਟ ਦੌੜਦਾ ਸਫ਼ਰ ਹੈ
ਸਮੇਂ ਦੇ ਆਦਿ ਤੇ ਅੰਤ ਤੋਂ ਬਾਹਰ ਹੈ
ਗੋਗਾ ਜੀਵਨ ਦਾ
ਨਿਰੰਤਰ ਵਿਸਥਾਰ ਹੈ

-0-

ਗੋਗੇ ਦੀ ਇਕ ਅੱਖ ਛੋਟੀ
ਤੇ ਇਕ ਵੱਡੀ ਸੀ
ਗੋਗੇ ਦਾ ਮੂੰਹ ਆਲ੍ਹਾ ਸੀ
ਸਿਰ ਖੋਲ੍ਹਾ ਸੀ
ਲੋਕ ਉਸ ਨੂੰ ਤੱਕਦੇ ਤੇ ਮੂੰਹ ਫੇਰ ਲੈਂਦੇ
ਗੋਗਾ ਆਖਦਾ
ਉਹ ਕੋਈ ਹੁਸਨ ਦਾ ਮੁਜੱਸਮਾ ਨਹੀਂ
ਜਿਸ ਤੇ ਕੋਈ ਮਰ ਮਿੱਟੇਗਾ
ਉਸ ਦੀ ਪ੍ਰਕਰਮਾ ਕਰੇਗਾ
ਆਪਣਾ ਤਰਕਸ਼ ਮੁਜੱਸਮੇਂ
ਦੇ ਪੈਰਾਂ 'ਚ ਧਰੇਗਾ

-0-

ਗੋਗਾ ਖੇਡ ਹੈ
ਹਾਰ ਜਿੱਤ ਦੀ ਬੰਦਸ਼ ਤੋਂ ਬਾਹਰ ਹੈ
ਸੱਚ ਦੀ ਹੋਂਦ ਹੈ
ਨਾ ਪਹਿਣਨ ਹੈ ਨਾ ਉਤਾਰ ਹੈ
ਗੋਗਾ ਤਾਂ ਦੰਦਾਂ 'ਚ ਚਿੱਥਿਆ ਅੱਕ ਹੈ
ਥੋਹਰ ਦਾ ਸਰੂਪ ਹੈ
ਜਿਸਨੂੰ ਮੁਰਜਾਣ ਦਾ ਡਰ ਨਹੀਂ
ਗੋਗਾ ਸਦਾ ਬਹਾਰਾਂ ਦਾ ਰੂਪ ਹੈ

-0-

ਗੋਗਾ ਆਪਣੇ ਆਲੇ ਦੁਆਲੇ ਨੂੰ ਵੇਖਦਾ ਘੱਟ
ਤਾੜਦਾ ਪਹਿਚਾਣਦਾ ਤੇ ਘੋਖਦਾ ਵਧੇਰੇ ਸੀ
ਜਿਸ ਚੋਂ ਉਸ ਨੂੰ ਕੁਝ ਵੀ ਨਜ਼ਰ ਨਾ ਆਉਂਦਾ
ਉਹ ਆਪਣੇ ਕਰੂਪ ਚਿਹਰੇ ਦੁਆਲੇ
ਫੈਲੀ ਸੁੰਦਰਤਾ 'ਚ ਜਿਉਣਾ ਨਹੀਂ ਸੀ ਚਾਹੁੰਦਾ
ਸਿਰ ਤੋਂ ਪੈਰਾਂ ਤੀਕ ਲੀਰੋ ਲੀਰ ਵਜ਼ੂਦ ਦੁਨੀਆਂ ਦਾ
ਸਿਉਣਾ ਨਹੀਂ ਸੀ ਚਾਹੁੰਦਾ
ਸਿਉਣਾ ਸੰਗ ਜੁੜੀ ਚੀਜ਼ ਨਾਲ
ਉਸ ਨੂੰ ਨਫ਼ਰਤ ਸੀ
ਉਹ ਤਾਂ ਖ਼ੁਸ਼ੀਆਂ ਬਹਾਰਾਂ
ਆਜ਼ਾਦ ਮੌਸਮਾਂ ਦੀ ਹਸਰਤ ਸੀ
ਕੰਧਾਂ ਬੰਨੇਰਿਆਂ ਹੱਦਾਂ ਵਲਗਣਾ ਦਾ
ਉਹ ਹਾਮੀ ਨਹੀਂ ਸੀ
ਉਹ ਸੁਤੰਤਰਤਾ ਦੀ ਹੋਂਦ ਸੀ
ਉਸ ਦੇ ਖ਼ੂਨ 'ਚ ਗੁਲਾਮੀ ਨਹੀਂ ਸੀ

-0-

ਗੋਗਾ
ਜਦ ਪੜ੍ਹਣ ਮਦਰੱਸੇ ਗਿਆ
ਏਕੇ ਦੇ ਹਰਫ਼ ਤੋਂ ਅਗੇਰੇ
ਨਾ ਉਹ ਪੜ੍ਹ ਹੀ ਸਕਿਆ ਨਾ ਉਹ
ਲਿੱਖ ਹੀ ਸਕਿਆ
ਮੁਨਸ਼ੀ ਉਸਨੂੰ ਸਜਾ ਲਈ
ਕਲਾਸ 'ਚ ਖੜਾ ਰੱਖਦਾ ਸੀ
ਬੈਠੀ ਕਲਾਸ
ਸਿਫ਼ਰਿਆਂ ਦਾ ਹਜ਼ੂਮ ਲਗਦੀ ਸੀ
ਖੜਾ ਗੋਗਾ
ਸਿਫ਼ਰਿਆਂ ਦਾ ਮੂਲ ਏਕਾ ਸੀ
ਗੋਗਾ ਤਾਂ ਤਕਦੀਰ ਸੀ
ਨਾ ਤਕਦੀਰ ਵਿਚਲੀ ਰੇਖਾ ਸੀ

-0-

ਗੋਗਾ
ਜਦ ਕੋਠੇ ਤੇ ਚੜ੍ਹਦਾ
ਚੰਨ ਤਾਰੇ ਚਾਨਣੀ ਰਾਤ
ਗੋਗੇ ਤੇ ਹੱਸਦੇ
ਗੋਗਾ ਆਖਦਾ
ਚੰਨਾ ਜਿਹੇ ਚੰਨ
ਤਾਰਿਆਂ ਜਿਹੇ ਤਾਰੇ ਚਾਂਦਨੀ
ਜਿਹੀਆਂ ਚਾਂਦਨੀਆਂ ਅੰਬਰ 'ਚ ਅਨੇਕ ਹਨ
ਗੋਗਾ ਇਕ ਹੈ
ਗੋਗੇ ਜਿਹਾ ਨਾ ਕੋਈ ਹੋਰ ਹੈ
ਗੋਗਾ ਜੀਵਨ ਦੀ ਸੁਰ ਹੈ ਨਾ ਸ਼ੋਰ ਹੈ
ਗੋਗਾ ਨਾਚ ਹੈ
ਨਾ ਬੱਦਲ ਹੈ ਨਾ ਮੋਰ ਹੈ

-0-

ਗੋਗੇ ਦੀ ਕਰੂਪਤਾ ਦੇ ਸੱਚ ਨੂੰ
ਦੁਨੀਆਂ ਦੀ ਸੁੰਦਰਤਾ ਰਾਸ ਨਾ ਆਈ
ਗੋਗੇ ਦੀ ਦੇਹ ਦੇ ਦਰ ਭੀੜੇ ਰਹੇ
ਦੁਨੀਆਂ ਗੋਗੇ ਦੀ ਦੇਹ ਤੇ
ਦਸਤਕ ਬਣੀ ਰਹੀ
ਗੋਗੇ ਦੀ ਦੇਹ ਦੇ ਦਰ ਨਾ ਖੁੱਲ੍ਹੇ
ਨਾ ਅੰਦਰੋਂ ਕੋਈ ਆਵਾਜ਼ ਹੀ ਆਈ
ਗੋਗਾ
ਆਪਣੀ ਕਰੂਪਤਾ ਦੇ ਸੱਚ 'ਚ ਸਮਾ ਗਿਆ
ਦੁਨੀਆਂ ਦੀ ਸੁੰਦਰਤਾ ਤੇ
ਸਵਾਲੀਆ ਨਿਸ਼ਾਨ ਲਾ ਗਿਆ

-0-

ਸੁਆਲੀਆ ਨਿਸ਼ਾਨ 'ਚ ਪਈ ਦੁਨੀਆਂ
ਆਪਣਾ ਚਿਹਰਾ
ਆਪਣੇ ਸੱਚ 'ਚੋਂ ਵੇਖਦੀ
ਆਪਣੇ ਤੋਂ ਪਰਤ ਦਰ ਪਰਤ ਉਤਾਰਦੀ
ਜਦ ਆਖਰੀ ਤੁਰੀ ਤਕ ਅੱਪੜੀ
ਤਾਂ ਦੁਨੀਆਂ ਨੂੰ
ਆਪਣੀ ਗੰਦਗੀ ਦਾ ਅਹਿਸਾਸ ਹੋਇਆ
ਆਪਣੀ ਕਰੂਪਤਾ ਦਾ ਪਾਸ ਹੋਇਆ

-0-

ਦੁਨੀਆਂ ਦੀ ਸੁੰਦਰਤਾ 'ਤੇ
ਗੋਗੇ ਦੀ ਕਰੂਪਤਾ ਦਾ ਸੱਚ ਉਦਾਸ ਹੋਇਆ
ਅੱਖਾਂ ਚੋਂ ਅੱਥਰੂ ਕੇਰਦਾ
ਤੇ ਆਖਦਾ
ਸੁੰਦਰਤਾ 'ਚ ਲਪੇਟੀ ਕਰੂਪਤਾ ਦਾ ਸੱਚ ਸੁੰਦਰਤਾ ਨਹੀਂ
ਕਰੂਪਤਾ 'ਚ ਲਪੇਟੀ ਸੁੰਦਰਤਾ ਦਾ ਸੱਚ ਸੁੰਦਰਤਾ ਹੈ
ਜੋ ਗੋਗੇ ਤੋਂ ਜਿਉਂਦੇ ਜੀਅ ਕਿਹਾ ਨਾ ਗਿਆ
ਜਿਉਂਦੇ ਜਾਗਦੇ ਮਨੁੱਖ 'ਚ
ਗੋਗੇ ਤੋਂ ਜਿਉਂਦਾ ਰਿਹਾ ਨਾ ਗਿਆ
ਦੁਨੀਆਂ ਦੀ ਸੁੰਦਰਤਾ ਦੀ ਅੱਖ 'ਚ
ਗੋਗਾ ਕਬਰ ਹੋ ਗਿਆ
ਗੋਗੇ ਦਾ ਸੱਚ ਅਮਰ ਹੋ ਗਿਆ
ਕਰੂਪਤਾ ਦੇ ਸੱਚ ਦਾ ਗੋਗਾ ਸਫ਼ਰ ਹੋ ਗਿਆ।

0 0 0

## ਧਰਮ

ਮੈਂ ਧਰਮ ਹਾਂ
ਮੈਂ ਜਿਸ ਸੱਚ ਤਕ ਅੱਪੜਦਾ ਹਾਂ
ਉਸ ਸੱਚ ਦਾ ਮੇਰੇ 'ਚ ਵਜ਼ੂਦ ਹੈ
ਪਰ ਮੈਂ ਉਸ ਸੱਚ ਦੇ ਵਜ਼ੂਦ ਚੋਂ ਮਨਫ਼ੀ ਹਾਂ
ਉਸ ਸੱਚ ਦੀ ਆਪਣੀ ਸੱਚਾਈ ਹੈ
ਆਪਣੀ ਹੋਂਦ ਹੈ
ਆਪਣਾ ਵਜ਼ੂਦ ਹੈ
ਉਹ ਇਕੱਲਾ ਹੈ
ਉਸ ਜਿਹਾ ਨਾ ਹੋਰ ਹੈ

-0-

ਮੈਂ ਧਰਮ
ਸਿੱਖ ਮੁਸਲਮਾਨ ਹਿੰਦੂ ਇਸਾਈ ਹੋ ਸਕਦਾ ਹਾਂ
ਮੇਰੀ ਮੰਜ਼ਿਲ ਚੋਂ
ਮੇਰੇ ਚਾਰੇ ਰੂਪ ਮਨਫ਼ੀ ਹਨ
ਉਹ ਸੱਚ
ਆਦਿ ਅੰਤ ਰਹਿਤ ਸਿਰਫ਼ ਸੱਚ ਹੈ ਸੱਚਾਈ ਹੈ
ਉਹ ਨਾ ਸਿੱਖ ਮੁਸਲਮ ਹਿੰਦੂ ਨਾ ਈਸਾਈ ਹੈ

-0-

ਅਕਾਸ਼ ਹਵਾ ਅੱਗ ਜਲ ਧਰਤੀ
ਪ੍ਰਕਿਰਤੀ ਬ੍ਰਹਿਮੰਡਾਂ ਚੰਨਾਂ ਸੂਰਜ ਤਾਰਿਆਂ ਦਾ
ਨਾ ਕੋਈ ਧਰਮ ਹੈ, ਨਾ ਜਾਤ ਹੈ, ਨਾ ਨਸਲ ਹੈ
ਸਿਰਫ਼ ਸੱਚ ਦਾ ਵਜ਼ੂਦ ਹਨ
ਸੱਚ ਸਦਕਾ ਆਬਾਦ ਹਨ
ਸੱਚ ਦਾ ਆਕਾਰ ਹਨ
ਭਾਣੇ ਵਿਚਕਾਰ ਹਨ

-0-

ਦੁਨੀਆਂ ਦੀ ਕਿਸੇ ਵੀ
ਅੱਖ ਦਾ ਅੱਥਰੂ
ਅੱਥਰੂ ਹੈ ਅੱਥਰੂ ਦਾ ਵਜੂਦ ਹੈ
ਅੱਥਰੂ ਦੀ ਸੱਚਾਈ ਹੈ
ਦੇਹ ਚੋਂ ਜਨਮਿਆ ਹੈ
ਪਰ ਅੱਥਰੂ ਦੇ ਵਜੂਦ 'ਚ ਦੇਹ ਦਾ ਵਜੂਦ ਨਹੀਂ

-0-

ਅੱਥਰੂ ਦਾ ਕੋਈ ਧਰਮ ਨਹੀਂ ਜਾਤ ਨਹੀਂ
ਨਸਲ ਨਹੀਂ
ਅੱਥਰੂ ਦਾ ਆਪਣਾ ਸੱਚ ਹੈ
ਆਪਣੀ ਸੱਚਾਈ ਹੈ
ਅੱਥਰੂ ਦਾ ਸੱਚ ਜਲ ਹੈ
ਜਲ ਦਾ ਸੱਚ ਹੈ
ਸ਼ਬਨਮ ਦਾ ਸਰੂਪ ਹੈ
ਜਿਸਮਾਂ ਦੀ ਸਾਧਨਾ ਦਾ ਨੂਰ ਹੈ

-0-

ਅਸਲ ਸੱਚ
ਸਿਰਫ਼ ਮਨੁੱਖਤਾ ਦੀ ਸੱਚਾਈ ਹੈ
ਮਨੁੱਖ ਦਾ ਸੱਚ ਹੈ
ਮਨੁੱਖ 'ਚ ਉਸ ਦੀ ਜੋਤ ਹੈ
ਮਨੁੱਖਤਾ 'ਚ ਉਸ ਦਾ ਵਿਸਥਾਰ ਹੈ
ਸਰਬ ਵਿਆਪਕ ਆਕਾਰ ਹੈ
ਮਨੁੱਖਤਾ ਉਸ ਦਾ ਵਾਜੂਦ ਹੈ ਹੋਂਦ ਹੈ
ਉਸ ਦਾ ਸੱਚ ਹੈ ਸੱਚਾਈ ਦੀ ਗੋਂਦ ਹੈ
ਉਹ ਸੱਚ ਧਰਮਾਂ ਨਸਲਾਂ ਜਾਤਾਂ ਤੋਂ ਉੱਚੇਰਾ ਹੈ
ਮਨੁੱਖ ਤੇ ਮਨੁੱਖਤਾ 'ਚ
ਉਸ ਸੱਚ ਦਾ ਵਸੇਰਾ ਹੈ

0 0 0

## ਸ਼ਬਨਮ ਦਾ ਕਤਰਾ

ਸ਼ਬਨਮ ਦੇ ਕਤਰੇ 'ਚ ਅਕਾਸ਼ ਹੈ
ਚੰਨ ਸੂਰਜ ਤਾਰੇ ਹਨ
ਰੰਗਾਂ ਦਾ ਨੂਰ ਹੈ ਖ਼ੁਸ਼ਬੂਆਂ ਦਾ ਭੰਡਾਰ ਹੈ
ਸਵੇਰ ਦਾ ਸੱਜਰ਼ਾਪਣ ਹੈ
ਫੁੱਲਾਂ ਦਾ ਇਸ਼ਕ ਹੈ ਕਲੀਆਂ ਦਾ ਹੁਸਨ ਹੈ
ਮੌਸਮਾਂ ਦਾ ਕੂਲਾ ਪਿੰਡਾ ਹੈ ਬਹਾਰਾਂ ਦੀ ਨੁਹਾਰ ਹੈ
ਸਾਰਾ ਸੰਸਾਰ ਕਤਰੇ ਦੇ ਪਿੰਡੇ 'ਚ
ਉਤਰ ਆਇਆ ਹੈ
ਰੱਬ ਤੇ ਰੱਬਤਾ
ਇਸ ਦੇ ਨੂਰ 'ਚ ਸਮਾਇਆ ਹੈ
ਇਸ ਦਾ ਅੰਦਰਲਾ
ਇਸ ਦੀ ਨੂਰੀ ਦੇਹ ਚੋਂ ਨਜ਼ਰ ਆਇਆ ਹੈ
ਇਸ ਦੀ ਤਕਦੀਰ ਜ਼ਖਮੀ ਹੈ
ਇਸ ਦੀ ਪਲ ਦੋ ਪਲ ਦੀ ਹੋਂਦ ਚੋਂ
ਉਮਰ ਮਨਫ਼ੀ ਹੈ

–0–

ਪਹਿਲੀ ਕਿਰਨ ਸੂਰਜ ਦੀ
ਇਸ ਦੀ ਮੌਤ ਹੈ
ਭਾਫ਼ ਬਣਕੇ ਜ਼ਿੰਦਗੀ ਦਾ ਪੰਖੇਰੂ
ਇਸ ਚੋਂ ਉੱਡ ਜਾਏਗਾ
ਫਿਰ ਪਤਾ ਨਹੀਂ
ਇਹ ਕਿਸ ਬੱਦਲੀ ਦੀ ਕੁੱਖ ਹੰਢਾਏਗਾ
ਹਰੀ ਪੱਤੀ ਤੇ ਜਨਮੇਂਗਾ
ਜਾਂ ਸਾਹਿਰਾ ਦੀ ਰੇਤ ਦੇ ਮੱਥੇ 'ਚ ਉੱਗ ਆਏਗਾ

–0–

ਸ਼ਬਨਮ ਦਾ ਕਤਰਾ
ਜਿਸ 'ਚ ਸੰਸਾਰ ਵਸਦਾ ਹੈ
ਜਿਸ ਦੀ ਜ਼ਿੰਦਗੀ ਪਲ ਦੋ ਪਲ ਦੀ
ਪ੍ਰਾਹੁਣੀ ਹੈ

ਜਿਸ ਦਾ ਜਨਮ ਰਾਤ ਦਾ ਹਨ੍ਹੇਰਾ ਹੈ
ਜਿਸ ਦੀ ਮੌਤ ਦਿਨ ਦਾ ਵਸੇਰਾ ਹੈ

-0-

ਇੰਨੀ ਘੱਟ ਉਮਰ 'ਚ ਕਤਰੇ ਦਾ ਵਜ਼ੂਦ
ਮੈਨੂੰ ਸਾਰੀ ਕਾਇਨਾਤ ਵਿਖਾ ਗਿਆ
ਜਨਮ ਤੋਂ ਪਹਿਲਾਂ ਹੀ ਮਰਨ ਦੇ ਗ਼ਮ 'ਚ
ਮੇਰੀਆਂ ਅੱਖਾਂ 'ਚ ਸ਼ਬਨਮ ਦਾ ਕਤਰਾ
ਅੱਥਰੂ ਬਣਕੇ ਆ ਗਿਆ
ਆਪਣੀ ਨਾਚੀਜ ਹਸਤੀ 'ਚ
ਕੁਲ ਬ੍ਰਹਿਮੰਡ ਦੀ ਹਸਤੀ ਜਿਉ ਗਿਆ
ਸ਼ਬਨਮ ਦਾ ਕਤਰਾ
ਮੇਰੇ ਇਕ ਸਾਹ ਚੋਂ ਜਨਮਿਆਂ
ਦੂਜੇ ਸਾਹ 'ਚ ਮਰ ਗਿਆ

-0-

ਕਤਰੇ ਦੀ ਮੌਤ
ਮੇਰੇ ਅੰਦਰ ਸੋਗ ਦੇ ਪਹਾੜ ਬੀਜ ਗਈ
ਮੇਰੀ ਰੂਹ 'ਚ ਜਿਉਂਦੇ ਸ਼ਮਸ਼ਾਨ ਧਰ ਗਈ
ਇਕ ਪਲ ਦੀ ਜ਼ਿੰਦਗੀ
ਯੁੱਗਾਂ ਸਿਰ ਮੌਤ ਦਾ ਕਰਜ਼ਾ ਕਰ ਗਈ

0 0 0

# ਮੰਜੀ

ਮੰਜੀ ਵੈਸਾਖ 'ਚ ਕੋਠੇ ਦੀ ਛੱਤ ਤੇ ਸੜਦੀ ਹੈ
ਜਾਂ ਪਸਾਰ 'ਚ ਹੁੰਮ 'ਚ ਉਬਲਦੀ ਹੈ
ਗ਼ਮ ਨਹੀਂ ਕਰਦੀ
ਛਾਵਾਂ 'ਚ ਡੱਠੀ ਹੈ ਜਾਂ ਬਰਸਾਤਾਂ 'ਚ
ਭਿੱਜੀ ਹੈ
ਖ਼ੁੱਸ਼ੀ ਦਾ ਇਜ਼ਹਾਰ ਨਹੀਂ ਕਰਦੀ
ਮਰਜੀਵੜੀ ਹੈ
ਭਾਣਾ ਮੰਨਦੀ ਹੈ ਸੀ ਨਹੀਂ ਕਰਦੀ

–0–

ਜਿਉਣਾ ਭੁੱਲ ਜਾਂਦੀ ਹੈ
ਮਰਨਾ ਯਾਦ ਰੱਖਦੀ ਹੈ
ਪਾਵਿਆਂ ਦੇ ਮੋਢਿਆਂ ਤੇ ਜਿਸ ਦਾ ਵਸੇਰਾ ਹੈ
ਪਿੰਡੇ ਦੇ ਝੂਠ 'ਚ
ਮੌਤ ਦੇ ਸੱਚ ਦਾ ਡੇਰਾ ਹੈ
ਅਰਥੀ ਬਣ ਮੋਢਿਆਂ ਤੇ ਜਿਉਂਦੀ ਹੈ
ਮੰਜੀ ਨਿਰਜੀਵ ਨਹੀਂ
ਜੀਵ ਹੈ
ਪੀੜ੍ਹੀ ਦੀ ਮਾਂ ਕਹਾਉਂਦੀ ਹੈ

–0–

ਜੰਵਾਂ 'ਚ ਡਹਿੰਦੀ ਹੈ ਸੋਗਾਂ 'ਚ ਵਿਛਦੀ ਹੈ
ਪੰਚਾਇਤਾਂ 'ਚ ਬਹਿੰਦੀ ਹੈ
ਪ੍ਰਾਹੁਣਚਾਰੀ 'ਚ
ਰੰਗਲੀਆਂ ਦਰੀਆਂ 'ਚ ਲਿਪਟਦੀ ਹੈ
ਮੰਜੀ
ਆਪਣੀ ਜ਼ਿੰਦਗੀ 'ਚ
ਮੌਤ ਦਾ ਸੱਚ ਜਿਉਂਦੀ ਹੈ ਸਿਰਜਦੀ ਹੈ

–0–

ਮੌਤ ਦਾ ਸੱਚ ਹੀ
ਜੀਵਨ ਨੂੰ
ਤਿਆਗ ਨਿਮਰਤਾ ਸ਼ਹਿਨਸ਼ੀਲਤਾ
ਤੇ ਹਲੀਮੀ ਸਿੱਖਾਉਂਦਾ ਹੈ
ਇਹ ਸੱਚ ਜੀਵਨ
ਮੰਜੀ ਦੇ ਵਜ਼ੂਦ ਚੋਂ ਪਾਉਂਦਾ ਹੈ

-0-

ਆਪਣੀ ਗੋਦ 'ਚ
ਬਾਲ ਬੁੱਢਾ ਔਰਤ ਮਰਦ ਸਵਾਉਂਦੀ ਹੈ
ਉਸ ਦੀ ਦੇਹ ਦੀ ਥਕਾਵਟ ਆਪ ਪੀਂਦੀ ਹੈ
ਉਸ 'ਚ ਸੱਜਰੀ ਜ਼ਿੰਦਗੀ
ਤ਼ੇ ਹਿੰਮਤ ਜਗਾਉਂਦੀ ਹੈ

-0-

ਮੰਜ਼ੀ ਦੀ
ਜਦ ਹੋਂਦ ਤਿੜਕਦੀ ਹੈ
ਉਸ ਦਾ ਵਾਣ ਭੱਜਦਾ ਟੁੱਟਦਾ ਤੇ ਗਲਦਾ ਹੈ
ਆਪਣੇ ਆਪ ਨੂੰ ਅੱਗਣ ਦੀ ਭੇਂਟ ਕਰਦੀ ਹੈ
ਮੰਜੀ ਦੀ ਚੌਗਾਠ ਦੇ ਜਦ ਹੱਡ ਭੁਰਦੇ ਹਨ
ਜ਼ਿੰਦਗੀ
ਇਨਾਂ ਨੂੰ ਬਾਲਦੀ ਹੈ
ਆਪਣੇ ਸੀਤ ਅੰਗਾਂ 'ਚ
ਜੀਵਨ ਦਾ ਨਿੱਘ ਉਤਾਰਦੀ ਹੈ

0 0 0

# ਕਿੱਲੀ

ਕਿੱਲੀ ਤੇ ਸ਼ੇਰ ਦਾ ਸਿਰ
ਮੋਰ ਦੇ ਖੰਭਾਂ ਦਾ ਚੌਰ
ਤੇ ਮਿੱਟੀ ਦਾ ਤੋਤਾ ਟੰਗਿਆ ਹੈ
ਬਾਪੂ ਦੀ ਪੱਗ
ਮਾਂ ਦੀ ਟਾਕੀਆਂ ਲਗੀ ਸਲਵਾਰ ਟੰਗੀ ਹੈ
ਅਮਨ ਟੰਗਿਆ ਹੈ ਤਲਵਾਰ ਟੰਗੀ ਹੈ

-0-

ਕਿੱਲੀ
ਸ਼ੇਰ ਦੇ ਡਰ ਤੋਂ ਮੋਰ ਦੀ ਸੁੰਦਰਤਾ
ਤੇ ਤੋਤੇ ਦੇ ਬੋਲਾਂ ਤੋਂ ਜਾਣੂ ਹੈ
ਬਾਪੂ ਦੀ ਪੱਗ 'ਚ ਇੱਜਤ ਦਾ ਭਾਰ
ਮਾਂ ਦੀ ਟਾਕੀਆਂ ਲੱਗੀ ਸਲਵਾਰ ਦਾ ਵਜ਼ੂਦ
ਕਿੱਲੀ ਦੇ ਲਹੂ 'ਚ ਦੌੜਦਾ ਹੈ
ਸਾਹਾਂ 'ਚ ਜਿਉਂਦਾ ਹੈ

-0-

ਇਨਾਂ ਕੁਝ ਜਿਉਂਦੀ ਵੀ ਕਿੱਲੀ
ਸ਼ੇਰ ਦੇ ਡਰ, ਮੋਰ ਦੀ ਸੁੰਦਰਤਾ ਤੇ
ਤੋਤੇ ਦੇ ਬੋਲਾਂ ਦੀ ਅਸਚਰਜਤਾ 'ਚ
ਚਲਾਏਮਾਨ ਨਹੀਂ ਹੁੰਦੀ
ਬਾਪੂ ਦੀ ਪੱਗ ਮਾਂ ਦੀ ਸਲਵਾਰ ਦੇ
ਅਕਾਰ 'ਚ
ਵਹਿੰਦੀ ਨਹੀਂ ਸਥਿਰ ਰਹਿੰਦੀ ਹੈ
ਆਪਣੀ ਹੋਂਦ ਦੇ ਸੱਚ 'ਚ
ਇਹ ਸਭ ਕੁੱਝ ਉਤਾਰਦੀ ਨਹੀਂ
ਕੰਵਲ ਵਾਂਗ ਨਿਰਲੇਪ ਹੈ
ਅਡੋਲਤਾ ਦੀ ਮੂਰਤ ਹੈ
ਰੱਬੀ ਬਾਣੀ ਦਾ ਸਿਰਲੇਖ ਹੈ

-0-

ਕਿੱਲੀ ਕੰਧਾਂ ਤੋਂ ਕੰਧਾਂ ਤਕ ਤੁਰਦੀ ਹੈ
ਕਿੱਲੀ ਦੀ ਸੰਦਲੀ ਦੇਹ ਭੁਰਦੀ ਹੈ ਧੁੱਖਦੀ ਹੈ
ਕਿੱਲੀ ਧੁੱਖਦੀ ਵੀ
ਆਪਣੀ ਖ਼ੁਸ਼ਬੂ ਖਿਲਾਰਦੀ ਹੈ
ਤੁਰਦੀ ਵੀ ਆਪਣਾ ਚਾਨਣ ਬਖੇਰਦੀ ਹੈ

–0–

ਕਿੱਲੀ ਆਪਣੇ ਮੋਢਿਆਂ ਤੇ
ਕੌਲੀਆਂ ਛੰਨਿਆਂ ਗਲਾਸਾਂ ਥਾਲਾਂ ਤੇ
ਪੜਛੱਤੀ ਦਾ ਭਾਰ ਉਠਾਈ ਫਿਰਦੀ ਹੈ
ਆਪਣੇ ਸਿਰ ਤੇ
ਗੀਤਾ ਗ੍ਰੰਥ ਰਮਾਇਣ ਟਿਕਾਈ ਫਿਰਦੀ ਹੈ
ਰੱਬ ਤੋਂ ਵਸਤੂ ਸੰਸਾਰ ਤਕ ਨੂੰ
ਕਿੱਲੀ ਦਾ ਆਸਰਾ ਹੈ
ਪਰ ਕਿੱਲੀ ਖ਼ੁਦ ਕਿਸੇ ਤੇ ਬੋਝ ਨਹੀਂ
ਕਲਿਆਣ ਸਬਰ ਤੇ ਤਿਆਗ ਦਾ ਸਰੂਪ ਹੈ
ਕਿੱਲੀ ਆਪਣੇ ਆਪ 'ਚ
ਰੱਬ ਦਾ ਰੂਪ ਹੈ

–0–

ਕਿੱਲੀ ਦੀ ਹੋਂਦ
ਕਿੱਲੀ ਦੀ ਆਪਣੀ ਸ਼ਕਤੀ ਹੈ
ਕਿੱਲੀ ਦਾ ਆਪਣਾ ਸੱਚ ਹੈ
ਆਪਣੀ ਹਸਤੀ ਹੈ
ਕਿੱਲੀ ਦੀ ਹੋਂਦ ਨਾ ਜਨਮ ਦੀ ਨਾ ਮਰਨ ਦੀ ਮੁਥਾਜ਼ ਹੈ
ਕਿੱਲੀ ਸੱਚ ਦੀ ਉਮੀਦ ਹੈ
ਸ਼ਕਤੀ ਦਾ ਨਿਰੰਤਰ ਅਹਿਸਾਸ ਹੈ

–0–

ਕਿੱਲੀ ਤੇ ਸ਼ੇਰ ਦਾ ਸਿਰ
ਮੋਰ ਦੇ ਖੰਭਾਂ ਦਾ ਚੌਰ
ਤੇ ਮਿੱਟੀ ਦਾ ਤੋਤਾ ਟੰਗਿਆ ਹੈ
ਬਾਪੂ ਦੀ ਪੱਗ
ਮਾਂ ਦੀ ਟਾਕੀਆਂ ਲਗੀ ਸਲਵਾਰ ਟੰਗੀ ਹੈ
ਅਮਨ ਟੰਗਿਆ ਹੈ ਤਲਵਾਰ ਟੰਗੀ ਹੈ

0 0 0

## ਗੁਸਲਖ਼ਾਨਾ

ਮੈਂ ਸੀਮਟ ਇੱਟਾਂ ਦਾ ਬਣਿਆ
ਗੁਸਲਖ਼ਾਨਾ ਨਹੀਂ
ਇਸ਼ਨਾਨਗਾਹ ਹਾਂ
ਪਵਿੱਤਰਤਾ ਦਾ ਪੜਾਅ ਹਾਂ
ਰੱਬੀ ਦਰਗਾਹ ਹਾਂ

-0-

ਮੇਰੀਆਂ ਕੰਧਾਂ 'ਚ
ਕੜੀਆਂ ਵਰਗੀ ਜੁਆਨੀ ਦਾ ਨਗਣ ਸੱਚ ਹੈ
ਪਰੀਆਂ ਦੇ ਹੁਸਨ ਦੀ ਨੁਹਾਰ ਹੈ
ਨੰਗੇ ਅੰਗਾਂ ਤੇ ਨਕਸ਼ਾਂ ਦੀ ਖ਼ੁਸ਼ਬੂ ਛੁੱਪੀ ਹੈ
ਮੇਰੇ ਸਿਰ ਤੇ ਗੋਰੇ ਰੰਗ ਦਾ
ਸ਼ਾਹ-ਮਿਆਨਾ ਹੈ
ਨੈਣਾਂ ਦੀ ਸੁੰਦਰਤਾ 'ਚ ਜ਼ੁਲਫ਼ਾਂ ਦਾ ਆਸ਼ਿਆਨਾ ਹੈ
ਜਿਹਦੀ ਕੁਦਰਤ ਸ਼ੁਦਾਈ ਹੈ
ਰੱਬ ਵੀ ਦੀਵਾਨਾ ਹੈ
ਝਰਨਿਆਂ ਤੇ ਚਸ਼ਮਿਆਂ ਦਾ ਹੁਸਨ
ਮੇਰੇ 'ਚ ਮੌਜੂਦ ਹੈ
ਰੰਗਾਂ ਖ਼ੁਸ਼ਬੂਆਂ ਤੇ ਨੂਰ ਦਾ ਮੇਰਾ ਵਜੂਦ ਹੈ

-0-

ਮੈਂ ਲੋਕਾਂ ਦੀਆ ਅੱਖਾਂ 'ਚ ਪਰਦਾ ਹਾਂ
ਮੈਂ ਲੋਕਾਂ ਦੇ ਜਿਸਮ ਵਿੱਚਲ਼ਾ ਸੱਚ ਤਰਦਾਂ ਹਾਂ
ਮੈਂ ਉਨ੍ਹਾਂ ਦੇ ਨੰਗੇ ਸੱਚ ਤੇ ਸੁੰਦਰਤਾ ਦੀ
ਮੂੰਹ ਬੋਲਦੀ ਤਸਵੀਰ ਹਾਂ
ਮੈਂ ਉਨ੍ਹਾਂ ਦੇ ਅੰਦਰ ਦੀ ਦੁਨੀਆਂ ਹਾਂ
ਬਚਪਣ ਤੋਂ ਬੁੱਢਾਪੇ ਦਾ ਇਤਿਹਾਸ ਹਾਂ
ਹੱਸਦੀਆਂ ਅੱਖਾਂ ਦਾ ਅੱਥਰੂ ਉਦਾਸ ਹਾਂ
ਮੈਂ ਉਨ੍ਹਾਂ ਦੇ ਗੁਪਤ ਅੰਗਾਂ ਤੇ ਨਕਸ਼ਾਂ ਦੀ ਨੁਹਾਰ ਹਾਂ

-0-

ਮੈਂ ਉਨ੍ਹਾਂ ਦੇ ਅੰਦਰ ਦੀ ਉਦਾਸ ਰੁੱਤ ਹਾਂ
ਬਾਹਰ ਹੱਸਦੀ ਖੇਡਦੀ ਮੌਸਮ ਬਹਾਰ ਹਾਂ
ਆਪਾ ਉਧੇੜਣ ਧੋਵਣ ਤੇ ਨਿਚੋੜਣ ਪਿੱਛੋਂ
ਜੋ ਸੱਚ ਉਹ ਲੋਕ ਹੰਢਾਉਂਦੇ ਹਨ
ਉਹ ਸੱਚ ਮੇਰੇ ਵਜ਼ੂਦ ਚੋਂ ਪਾਉਂਦੇ ਹਨ
ਉਨ੍ਹਾਂ ਦਾ ਸੱਚ ਮੇਰੀਆਂ ਅੱਖਾਂ 'ਚ ਜਿਉਂਦਾ ਹੈ
ਮੇਰੇ ਪ੍ਰਾਣਾਂ 'ਚ ਵੱਸਦਾ ਹੈ
ਮੇਰੇ ਲਹੂ 'ਚ ਤੁਰਦਾ ਹੈ
ਉਹ ਸੱਚ ਮੇਰੀ ਹੋਂਦ ਹੈ ਮੇਰਾ ਵਜ਼ੂਦ ਹੈ
ਉਸ ਸੱਚ ਦਾ ਮੈਲਾ ਮੇਰੇ 'ਚ ਮੌਜ਼ੂਦ ਹੈ
ਜੋ ਉਸ ਸੱਚ ਦਾ ਸਬੂਤ ਹੈ

-0-

ਮੈਂ
ਇਸ਼ਨਾਨਗਾਹ ਹਾਂ
ਪਵਿੱਤਰ ਸੱਚ ਦਾ ਪੜਾਅ ਹਾਂ
ਜਿਸ 'ਚ ਲੋਕ ਆਪਣਾ ਕੂੜਾ ਉਤਾਰਦੇ ਹਨ
ਮੇਰੀ ਗੋਦ 'ਚ ਬਹਿ ਕੇ
ਆਪਣੀ ਦੇਹ ਨੂੰ ਪਵਿੱਤਰ ਤੇ ਸ਼ੁੱਧ ਕਰਦੇ ਹਨ
ਮੈਨੂੰ ਲੰਘ ਕੇ ਫਿਰ ਸੱਚ ਦੇ ਦੁਆਰ ਜਾਂਦੇ ਹਨ
ਮੇਰੀ ਦੇਹ ਚੋਂ ਹੋ ਕੇ ਪਾਕ ਸੱਚ ਦਾ ਦੀਦਾਰ ਪਾਉਂਦੇ ਹਨ

-0-

ਮੈਂ ਉਨ੍ਹਾਂ ਦਾ ਮੱਕਾ'ਮਦੀਨ ਹਾਂ
ਮੰਦਰ ਮਸਜ਼ਦ ਗਿਰਜ਼ਾਘਰ ਹਾਂ ਸ਼ਿਵਾਲਾ ਹਾਂ
ਮੈਂ ਪਵਿੱਤਰਤਾ ਦਾ ਘਰ ਹਾਂ ਸੱਚ ਦਾ ਹਵਾਲਾ ਹਾਂ
ਜਿਸ 'ਚ ਲੋਕ ਆਪਣੇ ਪਾਪ ਧੋਂਦੇ ਹਨ
ਸੱਚੇ ਤੇ ਸੁੱਚੇ ਹੋ ਕੇ ਸੱਚ ਬੋਂਦੇ ਹਨ
ਸੱਚ ਦੇ ਦੀਦਾਰ ਕਰਦੇ ਹਨ
ਸੱਚ ਦੇ ਸਾਗਰ 'ਚ ਰਲਦੇ ਹਨ
ਆਪਣੀ ਹੋਂਦ ਗੁਆਂਦੇ ਹਨ
ਸੱਚ ਦੀ ਹੋਂਦ ਪਾਉਂਦੇ ਹਨ

000

## ਮੁਰਲ਼ੀ

ਮੁਰਲੀ ਬਾਂਸ ਦੀ ਪੋਰੀ ਨਹੀਂ
ਮੁਰਲੀ ਦੇਂ ਵਜੂਦ 'ਚ ਸਰਸਵਤੀ
ਦਾ ਵਸੇਰਾ ਹੈ
ਕਈਆਂ ਰਾਗਾਂ ਰਾਗਨੀਆਂ ਸੁਰਾਂ ਦਾ ਡੇਰਾ ਹੈ
ਪੌਣ ਦੇ ਪੈਰਾਂ 'ਚ ਝਾਂਜਰ ਦੇ ਬੋਲ ਹਨ
ਮੌਸਮਾਂ ਬਹਾਰਾਂ ਤੇ ਨਿਰਤ ਦਾ ਵਸੇਰਾ ਹੈ

-0-

ਮੁਰਲੀ 'ਚ ਹਵਾ ਦਾ ਪ੍ਰਵੇਸ਼ ਹੈ
ਮੁਰਲੀ ਚੋਂ ਨਿਕਲੀ ਹਵਾ ਹਵਾ ਨਹੀਂ
ਰਾਗ ਰਾਗਨੀਆਂ ਸੁਰਾਂ ਦਾ ਵੇਸ ਹੈ
ਮੁਰਲੀ ਚੋਂ ਨਿਕਲੀ ਹਵਾ 'ਚ
ਸ਼ਬਦ ਹਨ ਅਰਥ ਹਨ ਬੋਲ ਤੇ ਜ਼ੁਬਾਨ ਹੈ
ਰਸ ਹੈ ਰੰਗ ਹੈ ਹੁਲਾਸ ਹੈ
ਮਨੁੱਖ ਦਾ ਪਿੰਡਾ ਮਹਿਕਦਾ ਹੈ
ਰੂਹ ਸਰਸ਼ਾਰ ਹੁੰਦੀ ਹੈ
ਮੁਰਲੀ ਦੀ ਸੁਰ ਜਦ ਦੇਹ 'ਚ ਘੁਲਦੀ ਹੈ
ਮਸਤਕ 'ਚ ਰੱਬੀ ਨੂਰ ਦੀ ਅੱਖ ਖੁੱਲ੍ਹਦੀ ਹੈ

-0-

ਮੁਰਲੀ ਪ੍ਰਯੋਗਸ਼ਾਲਾ ਹੈ
ਹਵਾ ਨੂੰ ਸ਼ਬਦਾਂ ਅਰਥਾਂ ਤੇ ਬੋਲਾਂ 'ਚ ਢਾਲਣ ਦੀ
ਅਦਬ ਤੇ ਪੈਂਤੀ ਅੱਖਰੀ ਸਿੱਖਾਲਣ ਦੀ
ਰਾਗਾਂ ਰਾਗਨੀਆਂ ਤੇ ਸੁਰਾਂ ਦਾ ਵਜੂਦ ਢਾਲਣ ਲਈ
ਸ਼ੋਰ ਚੋਂ ਸੁਰ ਜਗਾਵਣ ਦੀ
ਮੋਰ ਦੇ ਪੈਰਾਂ 'ਚ ਨਾਚ ਬੀਜਣ ਦੀ
ਸੁਰਤੀ 'ਚ ਹੁਲਾਸ ਤੇ ਸਰੂਰ ਦੇ ਸੂਰਜ ਜਗਾਵਣ ਦੀ
ਰੂਹ ਨੂੰ ਨੂਰ 'ਚ ਨਹਾਵਣ ਦੀ
ਆਪਣਾ ਵਜੂਦ ਭੁੱਲਣ ਦੀ ਆਪਣੀ ਹੋਂਦ ਪਾਵਣ ਦੀ

-0-

ਪੱਥਰ ਪਿੱਘਲਾਵਣ ਦੀ
ਮਲਿਹਾਰ ਗਾਵਣ ਦੀ
ਬੱਦਲਾਂ ਦੇ ਘਿਰਣ ਦੀ
ਮੌਸਮਾਂ ਬਾਹਰਾਂ ਦੇ ਪੈਰ ਥਿਰਕਣ ਦੀ
ਜਿਮੀਂ ਫਟਣ ਦੀ
ਨਿਰਤ ਕਰਦੀ ਸਰਸਵਤੀ ਧਰਤੀ ਚੋਂ
ਨਿਕਲਣ ਦੀ
ਆਪ ਨੱਚਣ ਦੀ
ਪ੍ਰਕਿਰਤੀ ਨੂੰ ਨਚਾਵਣ ਦੀ
ਅੰਬਰ ਸੋਨੇ ਦਾ ਹੋਣ ਦੀ
ਧਰਤੀ ਚਾਂਦੀ ਦੀ ਕਹਾਵਣ ਦੀ

-0-

ਮੁਰਲੀ ਦੀ ਸੁਰ
ਪਸ਼ੂ ਪਖਸ਼ੀਆਂ ਤੇ ਰੁੱਖਾਂ ਦੀ
ਚੇਤਨਾ ਜਗਾਉਂਦੀ ਹੈ
ਡਾਰ ਪੰਛੀਆਂ ਦੀ
ਅੰਬਰ ਤੋਂ ਜਿਮੀਂ ਤੇ ਉੱਤਰ ਆਉਂਦੀ ਹੈ
ਰਾਗਾਂ ਤੇ ਰੰਗਾਂ ਦਾ ਨੂਰ
ਬ੍ਰਹਿਮੰਡ 'ਚ ਫੈਲਦਾ ਹੈ
ਪ੍ਰਕਿਰਤੀ ਸਾਹ ਲੈਣਾ ਭੁੱਲਦੀ ਹੈ
ਤਾਰਕਾ ਮੰਡਲ ਗਰਦਸ਼ ਮੁਕਤ ਹੁੰਦਾ ਹੈ
ਗਤੀਸ਼ੀਲ ਸਮਾਂ ਠਹਿਰਦਾ ਹੈ
ਮੁਰਲੀ ਦੀ ਜਦ ਸੁਰ ਫੈਲਦੀ ਹੈ
ਪੌਣਾਂ 'ਚ ਖੁਸ਼ਬੂ ਤੈਰਦੀ ਹੈ
ਤਿੱਤਲੀਆਂ ਵਾਂਗ ਫੁੱਲਾਂ ਤੇ ਕਲੀਆਂ ਤੇ
ਬਹਿੰਦੀ ਹੈ
ਜਿਉਂ ਤ੍ਰੇਲ ਮੋਤੀਆਂ ਦੀ
ਪ੍ਰਕਿਰਤੀ ਦੇ ਮੁਖੜੇ ਤੇ ਪੈਂਦੀ ਹੈ

-0-

ਝਾਂਜਰ ਘੁੰਗਰੂ ਰਾਗ ਤਾਲ ਨਿਰਤ
ਤੇ ਮੁਰਲੀ ਦੀਆਂ ਸੁਰਾਂ ਦੀ ਗੂੰਜ
ਗੂੰਜਦੀ ਹੈ ਅੰਬਰ 'ਚ
ਜਿਉਂ ਕੋਈ ਰਾਮ ਸ਼ੋਭਾ ਬਣ ਜਾਏ
ਸੀਤਾ ਸੰਵਯਮਰ 'ਚ

-0-

ਚੰਨਾਂ ਸੂਰਜਾਂ ਤੇ ਤਾਰਿਆਂ ਦੀ ਬਰਾਤ
ਧਰਤੀ ਤੇ ਉਤਰਦੀ ਹੈ
ਪੱਤਿਆਂ ਚੋਂ ਸਰਕਦੀ ਹਵਾ
ਅਲਾਹੀ ਗੀਤ ਗਾਉਂਦੀ ਹੈ
ਮੁਰਲੀ ਦੀ ਸੁਰ ਠੁਮਰੀ 'ਚ ਢਲਦੀ ਹੈ
ਧਰਤੀ ਦੇ ਗੋਸ਼ੇ 'ਚ ਰੱਬੀ ਜੋਤ ਜ਼ਗਦੀ ਹੈ
ਰਾਗ ਰੰਗ ਤੇ ਸੁਰਾਂ ਦੀ ਧਮਾਲ ਅੰਬਰ 'ਚ ਪੈਂਦੀ ਹੈ
ਪ੍ਰਕਿਰਤੀ ਕੰਨ ਲਾ ਕੇ ਸੁਣਦੀ ਹੈ
ਮੁਰਲੀ ਚੋਂ ਗੁਜਰਦੀ ਹਵਾ ਜੋ ਕਹਿੰਦੀ ਹੈ
ਤੂੰ ਹੀ ਤੂੰ ਦਾ ਬੋਲ ਬ੍ਰਹਿਮੰਡਾਂ 'ਚ ਗੂੰਜਦਾ ਹੈ
ਚਾਨਣ ਖਿਲਾਰਦਾ ਹੈ
ਹਨ੍ਹੇਰੇ ਹੂੰਝਦਾ ਹੈ

-0-

ਮੁਰਲੀ ਬਾਂਸ ਦੀ ਪੋਰੀ ਨਹੀਂ
ਮੁਰਲੀ ਦੇ ਵਜੂਦ 'ਚ ਸਰਸਵਤੀ ਦਾ ਵਸੇਰਾ ਹੈ
ਕਈਆਂ ਰਾਗਾਂ ਰਾਗਣੀਆਂ ਸੁਰਾਂ ਦਾ ਡੇਰਾ ਹੈ
ਪੌਣਾਂ ਦੇ ਪੈਰਾਂ 'ਚ ਝਾਂਜਰ ਦੇ ਬੋਲ ਹਨ
ਮੌਸਮ਼ ਬਹਾਰਾਂ ਖੁਸ਼ਬੂਆਂ ਤੇ ਨਿਰਤ ਦਾ ਵਸੇਰਾ ਹੈ

0 0 0

## ਕਾਨੀ

ਮੈਂ ਕਾਨੀ ਹਾਂ
ਆਪਣੇ ਇਲਮ ਦੀ ਦੀਵਾਨੀ ਹਾਂ
ਮੈਂ ਲਿੱਖਦੀ ਹਾਂ ਤਕਦੀਰਾਂ ਬਦਲਦੀ ਹਾਂ
ਮੈਂ ਜੇ ਪੱਥਰ 'ਚ ਉਤਰਾਂ
ਪੱਥਰ ਤੁਰਨਾ ਸਿੱਖਦੇ ਹਨ ਤਕਣਾ ਸਿੱਖਦੇ ਹਨ
ਪਹਾੜਾਂ ਤੋਂ ਉਤਰਨਾ ਤੇ ਚੜ੍ਹਨਾ ਸਿੱਖਦੇ ਹਨ
ਜਿਸ ਖ਼ੂਨ 'ਚ ਉਤਰਦੀ ਹਾਂ
ਸੂਲੀ 'ਤੇ ਚੜ੍ਹਦਾ ਹੈ
ਹਕੂਮਤਾਂ ਜੜ੍ਹਾਂ ਤੋਂ ਉਖੇੜਦਾ ਹੈ
ਤਖ਼ਤੇ ਪਲਟਦਾ ਹੈ

–0–

ਮੈਂ ਵੇਦਾਂ ਸ਼ਾਸਤਰਾਂ ਗ੍ਰੰਥਾਂ ਦੀ ਸਿਰਜਕ ਹਾਂ
ਵਿੱਦਿਆ ਦਾ ਭੰਡਾਰਾ ਹਾਂ
ਵਿੱਦਿਆ ਦੀ ਰੂਹ ਦਾ ਉਤਾਰਾ ਹਾਂ
ਬ੍ਰਹਿਮੰਡਾਂ ਤਾਰਕਾਂ ਮੰਡਲਾਂ ਅਕਾਸ਼ਾਂ
ਧਰਤੀਆਂ ਤੇ ਪਤਾਲਾਂ 'ਚ ਮੇਰਾ ਹੀ ਡੇਰਾ ਹੈ
ਮੈਂ ਕੁਦਰਤ ਦਾ ਰੂਪ ਹਾਂ ਕਰਤਾ ਦਾ ਵਸੇਰਾ ਹਾਂ

–0–

ਮੇਰਾ ਨੂਰ
ਜਿਸ ਖ਼ੂੰਨ 'ਚ ਉਤਰਦਾ ਹੈ
ਉਹ ਖ਼ੂੰਨ ਸਿਰ ਤਲੀ ਤੇ ਧਰਦਾ ਹੈ
ਤੱਤੀਆਂ ਤਵੀਆਂ ਤੇ ਬਹਿੰਦਾ ਹੈ
ਦੇਗਾਂ 'ਚ ਉਬਲਦਾ ਹੈ
ਆਰਿਆਂ ਨਾਲ ਆਪਣਾ ਸੀਸ ਚਿਰਵਾਉਂਦਾ ਹੈ
ਖੋਪਰੀਆਂ ਲੁਹਾਉਂਦਾ ਹੈ
ਆਪਣੇ ਆਪ ਨੂੰ
ਨੀਹਾਂ 'ਚ ਚਿਣਾਉਂਦਾ ਹੈ

ਦਿੱਲੀ 'ਚ ਸੀਸ ਦਿੰਦਾ ਹੈ
ਚਮਕੌਰ 'ਚ ਸ਼ਹੀਦੀਆਂ ਪਾਉਂਦਾ ਹੈ
ਸਰਬੰਸ ਵਾਰ ਦਿੰਦਾ ਹੈ
ਮਨੁੱਖਤਾ ਦੇ ਪੈਰਾਂ ਚੋਂ
ਗੁਲਾਮੀ ਦੀਆਂ ਜੰਜੀਰਾਂ ਉਤਾਰ ਦਿੰਦਾ ਹੈ

-0-

ਮੇਰਾ ਜਿਸਮ ਸਸਤਾ ਹੈ
ਮੇਰੀ ਸੋਚ ਮਹਿੰਗੀ ਹੈ
ਮੈਂ ਸਿਰਫ ਕਾਨੀ ਹੀ ਨਹੀਂ
ਮਨੁੱਖ ਤੇ ਕਰਤਾ ਦੇ ਰਹੱਸ ਦਾ ਖੁਲਾਸਾ ਹਾਂ
ਮੈਂ ਮਨੁੱਖ ਦੇ ਸੱਚ ਵਿਚਲਾ ਦਰਵਾਜ਼ਾ ਹਾਂ
ਜਦ ਖੁੱਲ੍ਹਦਾ ਹਾਂ ਤਾਂ
ਮਨੁੱਖ ਨੂੰ ਨੂਰੋ ਨੂਰ ਕਰਦਾ ਹਾਂ
ਸੈਂਕੜੇ ਸੂਰਜਾਂ ਦੇ ਕਾਫ਼ਲੇ
ਮਨੁੱਖ ਦੇ ਮਸਤ੍ਰਕ 'ਚ ਧਰਦਾ ਹਾਂ
ਨੂਰ ਹੋਇਆ ਮਨੁੱਖ
ਨੂਰ ਦੇ ਹਜ਼ੂਰ ਹੋ ਜਾਂਦਾ ਹੈ
ਆਪਣੇ ਸੱਚ 'ਚ ਉਤਰਦਾ ਹੈ
ਕੁਫ਼ਰ ਤੋਂ ਦੂਰ ਹੋ ਜਾਂਦਾ ਹੈ

-0-

ਮੈਂ ਸੰਤ ਵੀ ਹਾਂ ਸਿਪਾਹੀ ਵੀ ਹਾਂ
ਨਿਰਭਉ ਵੀ ਹਾਂ ਨਿਰਵੈਰ ਵੀ ਹਾਂ
ਰਾਜਾ ਵੀ ਹਾਂ ਰੰਕ ਵੀ ਹਾਂ
ਕਾਸਾ ਵੀ ਹਾਂ ਖੈਰ ਵੀ ਹਾਂ
ਮੈਂ ਸਿੱਧਾਂ ਜੋਗੀਆਂ ਦਾ ਜੋਗ ਹਾਂ
ਗ੍ਰਹਿਸਤੀਆਂ ਦੇ ਗ੍ਰਹਿਸਤ ਦਾ ਭੋਗ ਹਾਂ
ਮੈਂ ਸੂਰਜਾਂ ਦੀ ਮਾਂ ਹਾਂ
ਗਿਆਨਾਂ ਦਾ ਗਿਆਨ ਹਾਂ

-0-

ਮੈਂ ਦਾਨਾ ਚੋਂ ਸਰਵ ਉੱਤਮ ਦਾਨ ਹਾਂ
ਮੈਂ
ਤੀਰਥਾਂ 'ਚ ਤੀਰਥਾਂ ਦਾ ਉੱਚ ਅਸਥਾਨ ਹਾਂ
ਜੋ ਮੇਰੇ ਚਾਨਣ 'ਚ ਇਸ਼ਨਾਨਿਆ
ਉਸਨੇ ਜਿਉਂਦੇ ਜੀਅ
ਆਪਣਾ ਸੱਚ ਜਾਣਿਆ
ਜੋ ਆਪਣਾ ਸੱਚ ਪਾ ਗਿਆ
ਜਿਉਣ ਮਰਨ ਦਾ ਚੱਕਰ ਮੁਕਾ ਗਿਆ

-0-

ਮੈਂ ਮਨੁੱਖੇ ਗਿਆਨ ਦਾ ਉਹ ਖਜ਼ਾਨਾ ਹਾਂ
ਜੋ ਚੁਰਾਇਆ ਜਾ ਨਹੀਂ ਸਕਦਾ
ਜੋ ਮਨੁੱਖ ਦੇ ਜਨਮ ਤੋਂ ਮਰਨ ਤਕ
ਸਾਥ ਨਿਭਦਾ ਹੈ
ਗੁਆਇਆ ਜਾ ਨਹੀਂ ਸਕਦਾ
ਭੁਲਾਇਆ ਜਾ ਨਹੀਂ ਸਕਦਾ

-0-

ਮੈਂ ਮਨੁੱਖ ਦੇ ਮੱਥੇ ਦੀ ਉਹ ਲੋਅ ਹਾਂ
ਬ੍ਰਹਿਮੰਡਾਂ 'ਚ ਜਗਦੀ ਜੋ ਹਾਂ
ਮੈਂ ਬ੍ਰਹਿਮੰਡਾਂ ਦੀ ਜਿਸਮ ਹਾਂ ਜਾਨ ਹਾਂ
ਮੈਂ ਹੀ ਕਾਦਰ ਦਾ ਨੂਰ ਹਾਂ
ਮੈਂ ਹੀ ਕੁਦਰਤ ਦੇ ਪ੍ਰਾਣ ਹਾਂ
ਮੈਂ ਪੌਣ ਹਾਂ ਅੱਗਣ ਹਾਂ ਤੇਜ਼ ਹਾਂ
ਮੈਂ ਸਿਰਫ ਕਾਨੀ ਨਹੀਂ
ਮੈਂ ਹਮੇਸ਼ਾਂ ਸਾਂ ਹਮੇਸ਼ ਹਾਂ

0 0 0

# ਖੁਰਾ

ਖੁਰਾ ਬੇਕੰਧਾ ਬੇਛੱਤਾ
ਗੁਸਲਖ਼ਾਨਾ ਹੈ
ਖੁਰੇ ਦਾ ਫਰਸ਼
ਮੇਰੇ ਬਚਪਣ ਦਾ ਖਿਡਾਵਾ ਹੈ
ਮੇਰੇ ਬਚਪਣ ਦਾ ਜ਼ਮਾਨਾ ਹੈ
ਮੈਂ ਨੰਗ ਧੜੰਗਾ ਇਸ ਦੀ ਗੋਦ 'ਚ
ਖੇਡਦਾ ਨਹਾਉਂਦਾ ਆਪਾ ਠਾਰਦਾ ਸਾਂ
ਆਪਣਾ ਆਲਸ ਤੇ ਮੈਲਾ
ਇਸ 'ਚ ਉਤਾਰਦਾ ਸਾਂ

-0-

ਸੜਦੀ ਧੁੱਪ 'ਚ ਖੁਰੇ ਦਾ ਨਲਕਾ
ਮਾਂ ਜਿਹੀ ਠੰਡੀ ਛਾਂ
ਮੇਰੇ ਪਿੰਡੇ 'ਚ ਉਤਾਰਦਾ ਸੀ
ਕੁਦਰਤ 'ਚ
ਪਹਾੜੀ ਝਰਨੇ ਦਾ ਰੂਪ ਧਾਰਦਾ ਸੀ
ਮੈਂ ਠਰਦਾ ਤਾਂ ਖੁਰਾ ਠਰਦਾ ਸੀ
ਮੈਂ ਤਪਦਾ ਤਾਂ ਖੁਰਾ ਤਪਦਾ ਸੀ
ਮੈਨੂੰ ਮੇਰੇ 'ਚ
ਖੁਰਾ ਜਿਉਂਦਾ ਲਗਦਾ ਸੀ
ਮੇਰਾ ਅਕਸ ਆਪਣੇ ਪਿੰਡੇ 'ਚ ਉਤਾਰਦਾ ਸੀ
ਆਪਣਾ ਵਜੂਦ ਮੇਰੇ 'ਚ ਢਾਲਦਾ ਸੀ

-0-

ਅੱਜ ਜਦੋਂ
ਆਪਣੇ ਅੰਤਮ ਦਿਨਾਂ 'ਚ
ਆਪਣੇ ਉਜੜੇ ਘਰ ਤੇ ਉਦਾਸ
ਵਿਹੜੇ 'ਚ ਆਇਆ ਹਾਂ
ਤਾਂ ਖੁਰੇ ਦੇ ਤਿੜਕੇ ਚਿਹਰੇ ਚੋਂ
ਮੇਰਾ ਬਚਪਣ ਝਾਕਦਾ ਹੈ

ਮੈਨੂੰ ਛੱਡ ਕੇ ਕਿੱਥੇ ਤੁਰ ਗਏ ਸਉ
ਅੱਖਾਂ 'ਚ ਅੱਥਰੂ ਭਰ ਕੇ ਆਖਦਾ ਹੈ

-0-

ਨਲਕਾ ਕਦੀ ਜੋ ਆਬਸ਼ਾਰ ਸੀ
ਹੱਥੀ ਬਿਨਾਂ ਜੰਗਾਲਿਆਂ ਤੇ
ਬੋੜਾ ਹੋ ਗਿਆ ਸੀ
ਦੇਹ ਕਮਾਨ ਬਣ ਗਈ ਸੀ
ਘਰ ਦੀ ਬੇਰੌਣਕੀ
ਤੇ ਉਦਾਸੀ ਦਾ ਝੋਰਾ ਹੋ ਗਿਆ ਸੀ

-0-

ਬਚਪਣ ਚੋਂ
ਮੇਰੀ ਜੁਆਨੀ ਤੇ ਮੇਰਾ ਬੁਢਾਪਾ ਉੱਗਿਆ ਸੀ
ਉਹ ਬਚਪਣ
ਨਾ ਜੁਆਨੀ ਨਾ ਬੁਢਾਪੇ ਕੋਲ ਸੀ
ਖੁਰੇ ਦੇ ਚਿਹਰੇ 'ਚ ਜਿਉਂਦਾ ਸੀ
ਘਰ ਦੀ ਚੁੱਪ ਦਾ ਬੋਲ ਸੀ

-0-

ਖੁਰੇ ਦੀ ਅੱਖ ਮੈਨੂੰ ਝਾਕਦੀ ਤੇ ਆਖਦੀ
ਅੰਤਮ ਦਿਨਾਂ 'ਚ ਤੂੰ ਇਥੇ ਪਰਤ ਆਇਆ ਹੈਂ
ਮੇਰੇ ਪਿੰਡੇ 'ਚ ਨਹਾਵੇਗਾ ਸ਼ੁੱਧ ਹੋ ਜਾਵੇਂਗਾ
ਜੀਵਨ ਦਾ ਸਫ਼ਰ ਮੁਕਾਵੇਂਗਾ
ਅਗਲੇ ਜਹਾਨ ਤੁਰ ਜਾਵੇਂਗਾ
ਤੂੰ ਪਤਾ ਨਹੀਂ ਫਿਰ ਆਵੇਂਗਾ
ਕਿ ਨਾ ਆਵੇਂਗਾ
ਮੈਂ ਤੇਰੇ
ਵਿਛੋੜੇ ਦਾ ਗਮ ਪੀ ਲਵਾਂਗਾ
ਮੈਂ ਤੇਰੇ ਬਚਪਣ ਦੇ ਸਹਾਰੇ ਜੀ ਲਵਾਂਗਾ

0 0 0

## ਕੰਵਲ

ਚਿੱਕੜ ਨੇ ਕੰਵਲ ਦਾ ਫੁੱਲ ਉੱਗਾਇਆ ਹੈ
ਨਾ ਕਿਸੇ ਕਵੀ
ਨਾ ਕੰਵਲ ਨੇ ਚਿੱਕੜ ਦਾ ਮੁੱਲ ਪਾਇਆ ਹੈ
ਹਰ ਕਵੀ ਨੇ
ਕੰਵਲ ਨੂੰ ਕਵਿਤਾ ਲਈ ਚੁਣਿਆ ਹੈ
ਚਿੱਕੜ ਦੀ ਹੋਂਦ ਨੂੰ
ਦ੍ਰਿਸ਼ਟੀ ਤੋਂ ਹਟਾਇਆ ਹੈ

-0-

ਕੰਵਲ ਦੀ ਸੁੰਦਰਤਾ
ਚਿੱਕੜ ਦੀ ਕਰੂਪਤਾ ਚੋਂ ਜਨਮੀ ਹੈ
ਜੇ ਕੰਵਲ
ਚਿੱਕੜ ਦੀ ਥਾਂ
ਗੁਲਾਬ ਦੇ ਫੁੱਲਾਂ ਦੀ ਕਿਆਰੀ 'ਚ ਉੱਗਦਾ
ਤਾਂ ਸ਼ਹਿਦ ਉਸ ਦੀ ਸੁੰਦਰਤਾ
ਕਵੀ ਮਨ ਨੂੰ ਨਜ਼ਰ ਨਾ ਆਉਂਦੀ
ਗੁਲਾਬ ਦੀ ਸੁੰਦਰਤਾ 'ਚ
ਕੰਵਲ ਦੀ ਸੁੰਦਰਤਾ ਗੁੰਮ ਜਾਂਦੀ

-0-

ਕੰਵਲ ਚਿੱਕੜ ਚੋਂ ਉੱਗਦਾ ਹੈ
ਚਿੱਕੜ ਕੰਵਲ ਦਾ ਰੰਗ ਰੂਪ ਸੁੰਦਰਤਾ ਘੜਦਾ ਹੈ
ਕੰਵਲ ਨੂੰ ਵਰ 'ਚ ਬਦਲਦਾ ਹੈ
ਆਪ ਸਰਾਪ 'ਚ ਢਲਦਾ ਹੈ
ਸੂਰਜ ਦੀ ਲੋਅ 'ਚ ਜਗਦਾ ਦੀਵਾ
ਜਗਦਾ ਨਹੀਂ ਲਗਦਾ
ਹਨ੍ਹੇਰੇ 'ਚ ਜਗਦਾ ਦੀਵਾ
ਸੂਰਜ ਲਗਦਾ ਹੈ ਦੀਵਾ ਨਹੀਂ ਲਗਦਾ

-0-

ਚਿੱਕੜ ਦੀ ਹੋਂਦ
ਕੰਵਲ ਦੀ ਹੋਂਦ ਨੂੰ ਚਾਰ ਚੰਨ ਲਾਉਂਦੀ ਹੈ
ਕੰਵਲ ਦੇ ਦੀਵੇ ਨੂੰ
ਸੂਰਜ ਬਣਾਉਂਦੀ ਹੈ
ਕੰਵਲ ਦੇ ਹੁਸਨ ਦੀ ਹੋਂਦ ਚਿੱਕੜ ਹੈ
ਕੰਵਲ ਦੇ ਨੂਰ ਦੀ ਕੁੱਖ ਚਿੱਕੜ ਹੈ
ਕੰਵਲ ਦੇ ਸੱਚ ਤੇ ਸੁੰਦਰਤਾ ਦੀ ਗੋਂਦ
ਚਿੱਕੜ ਹੈ
ਕੰਵਲ ਦੀਆ ਸ਼ੋਖੀਆਂ ਤੇ ਅੰਦਾਜ਼ ਦੀ
ਪਿਉਂਦ ਚਿੱਕੜ ਹੈ

-0-

ਚਿੱਕੜ ਹੈ ਤਾਂ ਕੰਵਲ ਦੀ ਹਸਤੀ ਹੈ
ਕੰਵਲ ਦੀ ਹੋਂਦ ਹੈ ਕੰਵਲ ਦਾ ਵਜ਼ੂਦ ਹੈ
ਚਿੱਕੜ ਨਹੀਂ ਤਾਂ ਕੰਵਲ ਕਾਗਜ਼ ਦਾ ਫੁੱਲ ਹੈ
ਨਾ ਮਹਿਕ ਹੈ ਨਾ ਰੰਗ ਹੈ ਨਾ ਸੁੰਦਰਤਾ
ਕੱਖ ਜਿੰਨਾ ਵੀ ਨਾ ਕੰਵਲ ਦਾ ਮੁੱਲ ਹੈ

-0-

ਕੋਈ ਵੱਖਰਾ ਸ਼ਾਇਰ
ਚਿੱਕੜ ਨੂੰ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ
ਫੁੱਲ ਦੀ ਜੜ੍ਹ ਧਰਤੀ 'ਚ ਉਤਾਰਦਾ ਹੈ
ਸੁੰਦਰਤਾ ਨੂੰ ਕਰੂਪਤਾ ਦਾ ਸੱਚ ਵਿਖਾਉਂਦਾ ਹੈ
ਕਰੂਪਤਾ ਚੋਂ ਸੁੰਦਰਤਾ ਨਜ਼ਰ ਆਉਂਦੀ ਹੈ
ਕਰੂਪਤਾ ਸੁੰਦਰਤਾ ਦੀ ਕੁੱਖ ਕਹਾਉਂਦੀ ਹੈ

0 0 0

# ਬੇੜੀ

ਮੈਂ ਭਵਸਾਗਰ 'ਚ ਰਹਿੰਦੀ ਹਾਂ
ਕਾਮ ਕ੍ਰੋਧ ਮੋਹ ਲੋਭ ਹੰਕਾਰ ਹੰਢਾਉਂਦੀ ਹਾਂ
ਮੇਰਾ ਕਾਮ ਪੂਰਾਂ ਦੀ ਉਡੀਕ ਹੈ
ਮੇਰਾ ਕ੍ਰੋਧ ਝੂਠ ਦਾ ਤਿਆਗ ਹੈ
ਸੱਚ ਦੀ ਅਵਾਜ਼ ਹੈ
ਮੇਰਾ ਲੋਭ ਪੂਰਾਂ ਦਾ ਆਗਮਨ ਹੈ
ਮੇਰਾ ਮੋਹ ਦਾਤੇ ਦਾ ਭਾਣਾ ਹੈ
ਮੇਰਾ ਹੰਕਾਰ
ਪੂਰਾਂ ਨੂੰ ਭਵਸਾਗਰ ਤੋਂ ਪਾਰ ਲਾਉਣਾ ਹੈ

-0-

ਮੈਂ ਆਪਣੀ ਨਿਰਜੀਵ ਦੇਹ ਚੋਂ
ਜੀਵਨ ਉਸਾਰ ਨਹੀਂ ਸਕਦੀ
ਮੈਂ ਰੁੱਖ ਚੋਂ ਜਨਮੀ ਸਾਂ
ਪਰ ਲਕੜ ਦੀ ਲਕੜ ਰਹੀ
ਆਪਣੀ ਕੁੱਖ ਚੋਂ ਰੁੱਖ ਉੱਗਾ ਨਹੀਂ ਸਕਦੀ
ਉਂਜ ਲੋਹਾ ਵੀ ਮੇਰੇ ਨਾਲ ਤਰਦਾ ਹੈ
ਮੇਰੀ ਹੋਂਦ ਤੇ ਗੌਰਵ ਦੀ ਹਾਮੀ ਭਰਦਾ ਹੈ

-0-

ਮੈਂ ਪੂਰਾਂ ਦੇ ਪੂਰ
ਆਪਣੀ ਗੋਦ 'ਚ ਬਿਠਾਉਂਦੀ ਹਾਂ
ਭਵਸਾਗਰ ਤੋਂ ਪਾਰ ਮੈਂ ਜਾਂਦੀ ਹਾਂ
ਇਕ ਕਿਨਾਰੇ ਤੋਂ ਦੂਜੇ ਤੇ ਉਤਾਰਦੀ ਹਾਂ
ਪੂਰਾਂ ਦੇ ਪੁੰਨਾ ਪਾਪਾਂ ਦਾ ਹਿਸਾਬ
ਆਪਣੀ ਦੇਹ ਤੇ ਸਹਾਰਦੀ ਹਾਂ

-0-

ਭਵਸਾਗਰ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਸਮੱਗਰੀ ਹੈ
ਮੈਂ ਸਾਗਰ ਦੀ ਸਮੱਗਰੀ ਦੀ
ਜੂਨ ਹੰਢਾਉਂਦੀ ਹਾਂ
ਭਾਣਾ ਮੰਨਦੀ ਹਾਂ ਭਾਣੇ 'ਚ ਰਹਿੰਦੀ ਹਾਂ
ਸਾਗਰ ਦੇ ਤੂਫਾਨ ਹਨ੍ਹੇਰੀਆਂ ਤੇ ਝੱਖੜ
ਆਪਣ ਪਿੰਡੇ ਤੇ ਜਰਦੀ ਹਾਂ
ਧੁੱਪਾਂ 'ਚ ਸੜਦੀ ਹਾਂ
ਬਰਸਾਤਾਂ 'ਚ ਗਲਦੀ ਹਾਂ
ਸਮਝ ਕੇ ਰਹਿਮਤਾਂ ਨਿਹਮਤਾਂ ਦਾਤੇ ਦੀਆਂ
ਦਾਤੇ ਦਾ ਸ਼ੁਕਰ ਕਰਦੀ ਹਾਂ

-0-

ਪੂਰ ਆਉਂਦੇ ਹਨ
ਤਾਂ ਮੇਰੇ ਪ੍ਰਾਣ ਤੁਰਦੇ ਹਨ
ਮੈਂ ਸਾਗਰ ਤੇ ਤੁਰਦੀ ਰੁੜਦੀ ਤੇ ਤਰਦੀ ਹਾਂ
ਆਪਣੀ ਦੇਹ 'ਚ ਜੀਵਨ ਮਹਿਸੂਸ ਕਰਦੀ ਹਾਂ
ਦੂਜੇ ਕਿਨਾਰੇ ਤੇ ਪੂਰ ਜਦ ਉੱਤਰ ਜਾਂਦਾ ਹੈ
ਤਾਂ ਮੇਰੇ ਪ੍ਰਾਣਾਂ ਦਾ ਪੰਛੀ ਉੱਡ ਜਾਂਦਾ ਹੈ
ਮੇਰੀ ਦੇਹ ਸਾਗਰ ਹੰਢਾਉਣ 'ਚ ਰੁੱਝ ਜਾਂਦੀ ਹੈ
ਕਾਮ ਕ੍ਰੋਧ ਮੋਹ ਲੋਭ ਹੰਕਾਰ ਦੀ ਮਾਇਆ 'ਚ
ਗੁੱਝ ਜਾਂਦੀ ਹੈ

-0-

ਮੈਂ ਪੂਰਾਂ ਦੇ ਪੂਰ
ਭਵਸਾਗਰ ਤੋਂ ਪਾਰ ਲਾਉਂਦੀ ਹਾਂ
ਪਰ ਆਪ ਭਵਸਾਗਰ ਦੀ ਜੂਨ ਹੰਢਾਉਂਦੀ ਹਾਂ
ਮੇਰੀ ਨਿਰਜੀਵ ਦੇਹ ਨੇ
ਆਪਣੇ ਕੁੱਛੜ ਜ਼ਿੰਦਗੀ ਉਠਾਈ ਹੈ
ਉਹ ਜਿੰਦਗੀ ਮੇਰੀ ਨਸ ਨਸ 'ਚ ਸਮਾਈ ਹੈ
ਮੇਰੀ ਦੇਹ ਉਸ ਜ਼ਿੰਦਗੀ ਲਈ ਪਰਾਈ ਹੈ

-0-

ਮੇਰੀ ਦੇਹ
ਜਦ ਸਾਗਰ ਦੇ ਜਲ ਸਾਂਵੇ ਹਾਰ ਜਾਂਦੀ ਹੈ
ਮਲਾਹ ਕਿਨਾਰੇ ਤੇ
ਮੇਰੀ ਦੇਹ ਨੂੰ ਬਾਲ ਦਿੰਦਾ ਹੈ
ਆਪਣੀ ਠੰਡਕ ਮੇਰੀ ਅਗਣ 'ਚ ਉਤਾਰ ਦਿੰਦਾ ਹੈ
ਮੇਰੀ ਰਾਖ ਸ਼ਾਗਰ 'ਚ ਰੋੜ ਦਿੰਦਾ ਹੈ
ਮੈਂ ਮਰ ਕੇ ਜਿਸ ਸਾਗਰ ਦੀ ਜੂਨ ਚੋਂ ਨਿਕਲਦੀ ਹਾਂ
ਮੇਰੀ ਰਾਖ ਉਸ ਸਾਗਰ ਨੂੰ ਮੋੜ ਦਿੰਦਾ ਹੈ

-0-

ਕਿ ਮਰ ਕੇ ਵੀ ਮੈਂ
ਭਵਸਾਗਰ ਦੀ ਜੂਨ ਹੰਢਾਉਂਦੀ ਰਹਾਂ
ਭਾਣਾ ਮੰਨਦੀ ਰਹਾਂ ਭਾਣੇ 'ਚ ਰਹਿੰਦੀ ਰਹਾਂ
ਦਾਤੇ ਦਾ ਸ਼ੁਕਰ ਗੁਜ਼ਾਰਦੀ ਰਹਾਂ
ਆਪਣੀ ਮੁਰਦਾ ਦੇਹ ਤੇ
ਜ਼ਿੰਦਗੀ ਭਵਸਾਗਰ ਤੋਂ ਪਾਰ ਉਤਾਰਦੀ ਰਹਾਂ

0 0 0

## ਕੁਰਸੀ

ਮੈਂ ਕੁਰਸੀ ਜੀਵਨ ਰਹਿਤ ਹਾਂ
ਪਰ ਜੀਵਨ ਦੀ ਸੰਚਾਲਕ ਸ਼ਕਤੀ ਹਾਂ
ਸ਼ਕਤੀ ਦਾ ਮੁਜੱਸਮਾ ਹਾਂ
ਬਲਹੀਣਤਾ 'ਚ ਬਲ ਦਾ ਸਮੁੰਦਰ ਹਾਂ
ਅੰਬਰ ਦਾ ਨਗਮਾ ਹਾਂ ਚੁੱਪ ਦੀ ਅਵਾਜ਼ ਹਾਂ
ਧਰਤੀ ਦੀ ਉਤਪਤੀ ਦਾ ਰਾਜ ਹਾਂ

-0-

ਮੇਰੇ ਵਜੂਦ 'ਚ ਸੱਤਾ ਦਾ ਪਹਾੜ ਹੈ
ਮੇਰੀ ਬੂੰਦ 'ਚ ਸਾਗਰ ਹੈ
ਨਿਆਏ ਅਨਿਆਏ ਦਾ ਬੋਲ ਹੈ
ਅਮਨ ਦੀ ਸੁਰ ਹੈ ਜੰਗਾਂ ਦਾ ਸ਼ੋਰ ਹੈ
ਹਕੂਮਤ ਦੀ ਵਾਗਡੋਰ ਮੇਰੇ ਕੋਲ ਹੈ

-0-

ਮੈਂ ਸਿਰਫ਼ ਸ਼ਕਤੀ ਹਾਂ
ਸ਼ਕਤੀ ਦਾ ਪ੍ਰਯੋਗ ਨਹੀਂ
ਮੇਰੇ ਤੇ ਨਿਪੁੰਨਸਿਕ ਅਣਪੜ੍ਹ ਗੁਆਰ
ਤੇ ਰੰਕ ਵੀ ਜੋ ਆ ਕੇ ਬਹਿੰਦਾ ਹੈ
ਮਰਦ ਦਾਰਸ਼ਨਿਕ ਸਭਿਅਕ
ਬਾਦਸ਼ਾਹ ਕਹਾਉਂਦਾ ਹੈ
ਉਹ ਮੇਰੀ ਸ਼ਕਤੀ ਦਾ ਇਕ ਘੁੱਟ ਭਰਦਾ ਹੈ
ਯੂਨਾਨ ਤੋਂ ਤੁਰਦਾ ਹੈ
ਭਾਰਤ 'ਚ ਠਹਿਰਦਾ ਹੈ
ਧਰਤੀ ਤੇ ਛਾ ਜਾਂਦਾ ਹੈ ਅੰਬਰ ਤੇ ਫੈਲਦਾ ਹੈ

-0-

ਸਿਕੰਦਰ ਹਿਟਲਰ ਅਕਬਰ
ਕੌਰਵ ਪਾਂਡਵ ਤੇ ਚੰਗੇਜ਼ਖ਼ਾਨ

ਕਿਸੇ ਮਨੁੱਖ ਦੇ ਨਾਮ ਨਹੀਂ
ਕੁਰਸੀ ਦੇ ਨਾਮ ਹਨ
ਦੁਨੀਆਂ ਕਿਸੇ ਵੀ ਨਕਸ਼ੇ ਦੀ ਥਾਂ ਨਹੀਂ
ਕੁਰਸੀ ਦੀ ਥਾਂ ਹੈ
ਕੁਰਸੀ ਪਰਜਾ ਨਹੀਂ
ਪਰਜਾ ਕੁਰਸੀ ਦੀ ਪੈਰੋਕਾਰ ਹੈ
ਕੁਰਸੀ ਦੁਨੀਆਂ ਦਾ ਕਾਨੂੰਨ ਹੈ
ਵਿਸ਼ਵ ਦੀ ਸਰਕਾਰ ਹੈ

-0-

ਕੁਰਸੀ ਨਿਰੀ ਲੱਕੜ ਦਾ ਵਜ਼ੂਦ ਨਹੀਂ
ਦੁਨੀਆਂ ਦੀ ਸੱਤਾ ਦੀ ਹੋਂਦ ਹੈ
ਪਿੰਡ ਤੋਂ ਵਿਸ਼ਵ ਤਕ ਦੀ ਗੋਂਦ ਹੈ
ਕੁਰਸੀ ਤੇ ਬੈਠਾ ਮਨੁੱਖ ਨਹੀਂ ਬੋਲਦਾ
ਕੁਰਸੀ ਬੋਲਦੀ ਹੈ
ਮਨੁੱਖ ਤੇ ਇਨਸਾਫ਼
ਆਪਣੀ ਤੱਕੜੀ 'ਚ ਤੋਲਦੀ ਹੈ

-0-

ਸਰਹੱਦਾਂ ਦਿਆਂ ਚਿਹਰਿਆਂ ਤੇ ਲਹੂ ਦੇ ਛਿੱਟੇ
ਪਰਜਾ ਦੀਆਂ ਟੁੱਕੀਆਂ ਜੀਭਾਂ
ਧਰਤੀ ਤੇ ਵਿੱਛੀਆਂ ਲਾਸ਼ਾਂ
ਅੰਬਰ ਤੋਂ ਬਰਸਦੀਆਂ ਅੱਗਾਂ
ਕੁਰਸੀ ਦੇ ਬੋਲ ਹਨ
ਕੁਰਸੀ ਦੇ ਇਸ਼ਾਰੇ ਹਨ
ਇਹ ਮਨੁੱਖ ਦੀ ਤਾਕਤ ਨਹੀਂ
ਕੁਰਸੀ ਦੇ ਸਹਾਰੇ ਹਨ

0 0 0

## ਮਾਮੀ
(ਇਕ ਰੇਖਾ ਚਿੱਤਰ)

ਉਹ ਮਾਮੀ ਨਹੀਂ ਮਾਂ ਸੀ ਮੇਰੀ
ਰੱਬ ਤੋਂ ਉੱਚੀ ਥਾਂ ਸ਼ੀ ਮੇਰੀ
ਦਰਗਾਹ ਸੀ ਮੇਰੀ ਖ਼ੁਦਾ ਸੀ ਮੇਰੀ
ਜਿਸ ਮੈਨੂੰ
ਪੁੱਤਰਾਂ ਵਾਂਗ ਪਾਲਿਆ
ਮਿੱਤਰਾਂ ਵਾਂਗ ਸੰਭਾਲਿਆ

–0–

ਮੈਨੂੰ
ਉਡੀਕਦੀ ਉਡੀਕਦੀ ਕਬਰਾਂ 'ਚ ਤੁਰ ਗਈ
ਅੱਧੀ ਰਾਤ ਨੂੰ ਕਈ ਵਾਰੀ
ਕਬਰਾਂ ਚੋਂ ਬੋਲਦੀ ਹੈ
ਘੁੱਲਿਆ ਪੁੱਤਰਾ ਜਦੋਂ ਤੂੰ ਦੇਸ਼ ਆਵੇਗਾ
ਮੈ ਤੈਨੂੰ ਆਪਣੇ ਨਾਲ ਸੁਆਵਾਂਗੀ
ਹਿੱਕ ਨਾਲ ਲਾਵਾਂਗੀ
ਆਪਣਾ ਦੁੱਧ ਚੁੰਗਾਵਾਂਗੀ ਲੋਰੀ ਗਾਵਾਂਗੀ
ਵਿਖਾ ਕੇ ਤੇਰਿਆਂ ਪੈਰਾਂ ਨੂੰ ਮਦਰੱਸੇ ਦਾ ਰਾਹ
ਮੈਂ ਕਬਰਾਂ 'ਚ ਪਰਤ ਜਾਵਾਂਗੀ

–0–

ਮਾਮੀ ਹੁਣ ਵੀ ਜਦ ਯਾਦ ਆਉਂਦੀ ਹੈ
ਕਾਇਨਾਤ 'ਚ ਮਾਂ ਦੀ ਗੋਦ ਫੈਲ ਜਾਂਦੀ ਹੈ
ਅੰਬਰ ਝੁਕ ਜਾਂਦਾ ਹੈ
ਧਰਤੀ ਠਹਿਰ ਜਾਂਦੀ ਹੈ
ਮੇਰੀਆਂ ਨਜ਼ਰਾਂ 'ਚ ਦਿਸਹੱਦੇ ਤਕ ਹੋ ਲੋਅ ਜਾਂਦੀ ਹੈ
ਮਾਮੀ ਵਗਦੀ ਪੌਣ ਲਗਦੀ ਹੈ
ਮੇਰਾ ਮੱਥਾ ਚੁੰਮ ਜਾਂਦੀ ਹੈ
ਮੇਰਾ ਸਿਰ ਹੱਥਾਂ ਦੇ ਨਾਲ ਛੋਅ ਜਾਂਦੀ ਹੈ

–0–

ਮਾਮੀ ਅਖਦੀਂ ਸੀ
ਘੁੱਲਿਆ ਪੁੱਤਰਾ
ਜਦੋਂ ਤੂੰ ਜੁਆਨ ਹੋਵੇਂਗਾ
ਆਪਣਾ ਖਾਵੇਂ ਪੀਵੇਂਗਾ ਕਮਾਵੇਂਗਾ
ਜੇ ਕਿਧਰੇ ਰੋਟੀ ਰੋਜ਼ੀ ਲਈ ਤੁਰ ਦੂਰ ਜਾਵੇਂਗਾ
ਦੱਸ ਖਾਂ ਪੁੱਤਰਾ
ਮਾਂ ਮਾਮੀ ਨੂੰ ਮਿਲਣ ਆਵੇਂਗਾ

-0-

ਮੈਂ ਤੈਨੂੰ ਉਡੀਕਾਂਗੀ
ਨਾ ਕਦੀ ਵੀ ਦਰ ਢੋਆਂਗੀ
ਜੇ ਤੂੰ ਨਾ ਵੀ ਆਇਉਂ
ਮੈਂ ਤੇਰੀ ਯਾਦ 'ਚ ਹੱਸਦੀ ਰਹਾਂਗੀ
ਕਦੀ ਵੀ ਨਾ ਰੋਵਾਂਗੀ

-0-

ਮੇਰੇ ਰੋਣ ਨਾਲ
ਤੇਰੀਆਂ ਅੱਖਾਂ ਚੋਂ ਅੱਥਰੂ ਡਿੱਗ ਪੈਣਗੇ
ਤੇਰੇ ਅੱਥਰੂ ਚੰਨ ਮੈਂ ਸਹਿ ਨਹੀਂ ਸਕਦੀ
ਤੇਰੇ ਬਿਨ ਮਰ ਤੇ ਸਕਦੀ ਹਾਂ
ਤੇਰੇ ਬਿਨ ਰਹਿ ਨਹੀਂ ਸਕਦੀ

-0-

ਉਹ ਮਾਮੀ ਨਹੀਂ ਸੀ ਮਾਂ ਸੀ ਮੇਰੀ
ਰੱਬ ਤੋਂ ਵੀ ਉੱਚੀ ਥਾਂ ਸੀ ਮੇਰੀ
ਦਰਗਾਹ ਸੀ ਮੇਰੀ ਖੁਦਾ ਸੀ ਮੇਰੀ
ਜਿਸ ਮੈਨੂੰ ਪੁੱਤਰਾਂ ਵਾਂਗ ਪਾਲਿਆ
ਮਿੱਤਰਾਂ ਵਾਂਗ ਸੰਭਾਲਿਆ

0 0 0

## ਦੰਦਾਸਾ

ਮੈਂ ਅਖਰੋਟ ਦੀ ਛਿੱਲੜ ਹੀ ਨਹੀਂ
ਜੀਵਨ ਦੀ ਖ਼ੂਬਸੂਰਤੀ ਦੀ ਬਲਦੀ ਲਾਟ ਹਾਂ
ਮੇਰੇ 'ਚ ਦੰਦ
ਆਪਣੀ ਦੇਹ ਕਲੀ ਕਰਦੇ ਹਨ
ਮੋਤੀਆਂ ਦਾ ਰੂਪ ਲਗਦੇ ਹਨ
ਮੇਰੇ 'ਚ ਬੁੱਲ੍ਹ ਨਹਾਉਂਦੇ ਹਨ
ਸੁਰਖੀਆਂ ਦੀ ਕੁੱਖ ਕਹਾਉਂਦੇ ਹਨ

-0-

ਮੈਂ ਸੁੰਦਰਤਾ ਦਾ ਚੰਨ
ਜਵਾਨੀ ਦੇ ਚਿਹਰੇ ਤੇ ਸਜਾਉਂਦਾ ਹਾਂ
ਰਿਸ਼ਮਾਂ ਖਿਲਾਰਦਾ ਹਾਂ ਲਹੂ 'ਚ ਉਤਰ ਜਾਂਦਾ ਹਾਂ
ਮੇਰਾ ਹੁਸਨ ਦੁੱਧ 'ਚ ਘੁਲਿਆ
ਕੇਸਰ ਦਾ ਰੂਪ ਹੈ
ਬੁੱਲ੍ਹੀਆਂ 'ਚ ਲਹੂ ਹੈ ਅੱਖਾਂ 'ਚ ਬੋਲ ਹੈ
ਮੈਂ ਆਪਣੀ ਸੀਰਤ
ਹੁਸਨ ਦੀ ਨਸ ਨਸ 'ਚ ਘੋਲ ਦਿੰਦਾ ਹਾਂ
ਚਿਹਰੇ 'ਚ ਕਸ਼ਿਸ਼ ਤੇ ਸੁੰਦਰਤਾ ਬੀਜ ਦਿੰਦਾ ਹਾਂ
ਬਦਨ ਤੇ ਅੰਬਰ ਦੇ ਤਾਰੇ ਛਿੜਕ ਦਿੰਦਾ ਹਾਂ
ਚਾਨਣ ਘੋਲ ਦਿੰਦਾ ਹਾਂ
ਜਵਾਨੀ ਨੂੰ ਹਵਾ ਦੇ ਬੁਲ੍ਹਿਆਂ ਤੇ
ਖੁਸ਼ਬੂਆਂ ਦੀ ਚਾਲੇ ਤੋਰ ਦਿੰਦਾ ਹਾਂ

-0-

ਜਵਾਨੀ ਬਾਰ-ਬਾਰ ਆਪਣਾ ਚਿਹਰਾ
ਸ਼ੀਸ਼ੇ ਚੋਂ ਤੱਕਦੀ ਹੈ
ਆਪਣੇ ਹੁਸਨ ਤੇ ਹੀ ਮੋਹਿਤ ਲਗਦੀ ਹੈ

ਆਪਣੀ ਸੁੰਦਰਤਾ ਦੀ ਪ੍ਰਕਰਮਾ ਕਰਦੀ ਹੈ
ਮੱਥੇ 'ਚ ਇਸ਼ਕ ਦੀ ਜੋਤ ਜਗਦੀ ਹੈ
ਮੈਂ ਆਪਣੇ ਲਹੂ ਦਾ ਰੰਗ ਤੇ ਖੁਸ਼ਬੂ
ਜਵਾਨੀ ਦੇ ਬਦਨ ਤੇ ਸਾਹਾਂ 'ਚ ਉਤਾਰ ਦਿੰਦਾ ਹਾਂ
ਜ਼ੁਲਫਾਂ ਖੁਸ਼ਬੂਆਂ ਦਾ ਸੁਨੇਹਾ ਦਿੰਦੀਆਂ ਹਨ
ਬੁੱਲ੍ਹ ਰੱਸ ਦੇ ਛਲਕਦੇ ਪਿਆਲੇ ਲਗਦੇ ਹਨ
ਚੰਨਾਂ ਸੂਰਜਾਂ ਤੇ ਤਾਰਿਆਂ ਦੇ ਦੀਵੇ
ਹੁਸਨ ਦੇ ਨੈਣਾਂ 'ਚ ਜਗਦੇ ਹਨ

-0-

ਮੈਨੂੰ ਮਲਕੇ ਬੁੱਲ੍ਹਾਂ 'ਚ ਚਿੱਥ ਕੇ ਦੰਦਾਂ 'ਚ
ਜਵਾਨੀ ਮੇਰੀ ਦੇਹ ਦਾ ਫੋਕ ਕੂੜੇ ਤੇ ਸੁੱਟਦੀ ਹੈ
ਮੇਰੇ ਚੋਂ ਮੇਰਾ ਰੱਸ ਤੇ ਨੂਰ ਨਿਚੋੜ ਲੈਂਦੀ ਹੈ
ਮੇਰੀ ਦੇਹ ਤੋਂ ਮੁੱਖ ਮੋੜ ਲੈਂਦੀ ਹੈ
ਮੇਰਾ ਕਸੂਰ
ਕਿ ਮੈਂ ਹੁਸਨ ਨੂੰ ਚਾਰ ਚੰਨ ਲਾਏ ਹਨ
ਰੰਗ ਖੁਸ਼ਬੂ ਤੇ ਕਸ਼ਿਸ਼ ਦੇ ਫੁੱਲ
ਹੁਸਨ ਦੇ ਚਿਹਰੇ ਤੇ ਉੱਗਾਏ ਹਨ

-0-

ਹੁਸਨ ਦੀ ਹੋਂਦ 'ਚ
ਮੇਰੀ ਸੀਰਤ ਸਮਾਈ ਹੈ
ਹੁਸਨ ਦੇ ਚਿਹਰੇ ਦੀ ਲਾਲਗੀ
ਮੇਰੇ ਲਹੂ ਚੋਂ ਆਈ ਹੈ
ਹੁਸਨ ਮੇਰਾ ਵਜ਼ੂਦ ਭੁੱਲ ਜਾਏ ਬੇਸ਼ਕ
ਮੇਰੀ ਸੀਰਤ ਭੁੱਲਾ ਨਹੀਂ ਸਕਦਾ

ਆਪਣੇ ਬੁੱਲ੍ਹਾਂ ਤੇ ਦੰਦਾਂ ਚੋਂ
ਮੇਰੀਆਂ ਸ਼ੋਖੀਆਂ ਮੇਰੇ ਜਲਵੇ ਉਠਾ ਨਹੀਂ ਸਕਦਾ
ਮੇਰੀ ਦੇਹ ਦਾ ਫੋਕ ਕੂੜੇ ਤੇ ਪਿਆ ਵੀ
ਹੁਸਨ ਦੀ ਦੇਹ ਹੰਢਾਉਂਦਾ ਹੈ
ਹੁਸਨ ਦੀਆਂ ਅੱਖਾਂ 'ਚ ਜਗਦਾ ਹੈ
ਦੰਦਾਂ 'ਚ ਵੱਸਦਾ ਹੈ
ਬੁੱਲ੍ਹਾਂ 'ਚ ਮੁਸਕਰਾਉਂਦਾ ਹੈ
0 0 0

## ਬਸਤਾ

ਬਸਤਾ ਜੋ ਰੂੜੀ ਤੇ ਪਿਆ ਹੈ
ਵੇਦਾਂ ਸ਼ਾਸਤਰਾਂ ਤੇ ਵਿੱਦਿਆ ਦਾ ਗਲਾਫ਼ ਸੀ
ਚੰਨਾਂ ਸੂਰਜਾਂ ਤਾਰਿਆਂ ਆਕਾਸ਼ਾਂ
ਧਰਤੀਆਂ ਬ੍ਰਹਿਮੰਡਾਂ ਦਾ ਹਿਸਾਬ ਸੀ
ਜੀਵਨ ਦੀ ਜ਼ਰਬੋਂ ਤਕਸੀਮ ਸੀ
ਬਸਤਾ ਆਪਣੀ ਸ਼ਖਸੀਅਤ 'ਚ ਅਜ਼ੀਮ ਸੀ

-0-

ਬਸਤੇ ਦੇ ਵਜ਼ੂਦ 'ਚ
ਵਿੱਦਿਆ ਦੇ ਪ੍ਰਾਣ ਸਨ
ਗਿਆਨ ਦਾ ਲਹੂ ਸੀ
ਮਨੁੱਖ ਮਨੁੱਖਤਾ
ਤੇ ਜੀਵਨ ਦੀ ਜਾਣਕਾਰੀ ਸੀ
ਬਸਤੇ ਦੇ ਵਜ਼ੂਦ 'ਚ
ਜਿਉਂਦੀ ਜਾਗਦੀ ਸਰਿਸ਼ਟੀ ਸਾਰੀ ਸੀ
ਬਸਤੇ ਨੇ ਆਪਣੀ ਦੇਹ 'ਚ
ਕੁਦਰਤ ਤੇ ਰੱਬਤਾ ਉਤਾਰੀ ਸੀ

-0-

ਬਸਤੇ ਦੇ ਵਜੂਦ 'ਚ
ਜਦ ਕੋਈ ਉਤਰਦਾ
ਉਸ ਦੀ ਦੇਹ ਜਗਦੀ ਸੂਰਜਾਂ ਦੀ ਮਾਂ ਲਗਦੀ
ਉਹ ਧਰਤੀ ਤੇ
ਚਾਨਣ ਬੀਜਦਾ ਤਾਰੇ ਛਿੜਕਦਾ
ਜੀਵਨ ਰਿੜਕਦਾ ਤੇ ਸੱਚ ਨਿਤਾਰਦਾ
ਸੱਚ ਸੁੰਦਰਤਾ ਕਲਿਆਣ
ਦਾ ਸਵੱਰਗ ਧਰਤੀ ਤੇ ਉਤਾਰਦਾ

-0-

ਬਸਤੇ ਦੀ ਦੇਹ 'ਚ
ਬਚਪਨ ਦਾ ਭੂਤ ਵਰਤਮਾਨ ਤੇ ਭਵਿੱਖ ਸੀ
ਤੋਤਲੀ ਜ਼ੁਬਾਨ ਤੋਂ
ਬੁੱਢਾਪੇ ਤਕ ਦੀ ਦਿੱਖ ਸੀ
ਬਸਤੇ ਚੋਂ ਚੂਲੀ ਚਾਨਣ ਦੀ ਜੋ ਵੀ ਪੀ ਗਿਆ
ਪਲਾਂ 'ਚ ਯੁੱਗਾਂ ਨੂੰ ਜੀਅ ਗਿਆ
ਪੌਣ ਤੋਂ ਪ੍ਰਾਣ ਹੋ ਗਿਆ
ਬੰਦੇ ਤੋਂ ਭਗਵਾਨ ਹੋ ਗਿਆ

-0-

ਬਸਤਾ ਜਦ ਫੱਟ ਗਿਆ
ਨੂਰ ਦਾ ਪੰਛੀ ਦੇਹ ਚੋਂ ਉੱਡ ਗਿਆ
ਬਾਲ ਦੇ ਮੋਢਿਆਂ ਤੋਂ ਡਿੱਗਾ
ਤੇ ਰੂੜੀ ਤੇ ਪਿਆ ਹੈ
ਬਸਤਾ ਗੁਲਾਫ਼ ਸੀ ਗੁਲਾਫ਼ ਰਹਿ ਗਿਆ
ਹਨ੍ਹੇਰੇ ਦਾ ਅਹਿਸਾਸ ਹੋ ਗਿਆ
ਮਿੱਟੀ 'ਚ ਜਿਉਂਦਾ ਮੁਰਦਾ
ਖ਼ੁਆਬ ਹੋ ਗਿਆ

-0-

ਬਸਤਾ ਜੋ ਰੂੜੀ ਤੇ ਪਿਆ ਹੈ
ਵੇਦਾਂ ਸ਼ਾਸਤਰਾਂ ਵਿੱਦਿਆ ਦਾ ਭੰਡਾਰ ਸੀ
ਚੰਨਾਂ ਸੂਰਜਾਂ ਤਾਰਿਆਂ ਆਕਾਸ਼ਾਂ
ਧਰਤੀਆਂ ਬ੍ਰਹਿਮੰਡਾਂ ਦਾ ਹਿਸਾਬ ਸੀ
ਜੀਵਨ ਦੀ ਜਰਬੋ ਤਕਸੀਮ ਸੀ
ਬਸਤਾ
ਆਪਣੀ ਸਖਸ਼ੀਅਤ 'ਚ ਅਜ਼ੀਮ ਸੀ

0 0 0

# ਤਖ਼ਤੀ

ਤਖ਼ਤੀ
ਜੋ ਚੁਲ੍ਹੇ 'ਚ ਬਲਦੀ ਹੈ
ਤਵੇ ਤੇ ਪਈ ਰੋਟੀ ਪਕਾਉਂਦੀ ਹੈ
ਤਖ਼ਤੀ ਬਲਕੇ ਵੀ
ਮਨੁੱਖਤਾ ਦੇ ਕੰਮ ਆਉਂਦੀ ਹੈ
ਜ਼ਿੰਦਗੀ 'ਚ
ਅੰਮ੍ਰਿਤ ਤੇ ਵਿਸ਼ ਦਾ ਮੁੱਲ ਪਾਉਂਦੀ ਹੈ

-0-

ਤਖ਼ਤੀ ਦੇ ਪਿੰਡੇ 'ਚ
ਧਰਮਾਂ ਗੀਤਾ ਗ੍ਰੰਥਾਂ ਦਾ ਮੂਲ
ਤੇ ਪੈਂਤੀ ਅੱਖਰੀ ਦਾ ਵਸੇਰਾ ਹੈ
ਵਿੱਦਿਆ ਗਿਆਨ ਵਿਗਿਆਨ
ਦੇ ਭੰਡਾਰਾਂ ਦਾ ਡੇਰਾ ਹੈ
ਇਕ ਤੋਂ ਸੌ ਤਕ ਦੀ ਇਸ 'ਚ ਇਬਾਰਤ ਹੈ
ਪਲਾਂ ਯੁੱਗਾਂ ਸਦੀਆਂ ਸਮੇਂ ਦੀ
ਇਸ 'ਚ ਜ਼ਿਆਰਤ ਹੈ
ਦੁਨੀਆਂ ਦੀ ਤਿਜ਼ਾਰਥ ਹੈ

-0-

ਨੱਨੀਆਂ ਨੱਨੀਆਂ ਜੋਤਾਂ ਲਈ
ਤਖ਼ਤੀ ਵਿੱਦਿਆ ਸਿੱਖਣ ਦੀ ਪ੍ਰਯੋਗਸ਼ਾਲਾ ਹੈ
ਭੂਤ ਦਾ ਸੂਰਜ ਹੈ
ਵਰਤਮਾਨ ਤੇ ਭਵਿੱਖ ਦਾ ਉਜਾਲਾ ਹੈ
ਜ਼ਿੰਦਗੀ ਦੀ ਰੌਸ਼ਨੀ ਹੈ
ਰਾਹ ਹੈ ਮੰਜ਼ਲ ਹੈ
ਤਖ਼ਤੀ ਬੱਚੇ ਦੀ ਕਿਸਮਤ ਦਾ ਸਿਤਾਰਾ ਹੈ
ਮਨੁੱਖ਼ ਦਾ ਰੁਜ਼ਗਾਰ ਹੈ
ਜੀਵਨ ਗੁਜ਼ਾਰਨ ਦਾ ਸਹਾਰਾ ਹੈ

-0-

ਤਖ਼ਤੀ
ਦੇਹ ਲਈ ਆਤਮਾ ਦਾ ਦੁਆਰ ਹੈ
ਸੂਰਜਾਂ ਦੀ ਕੁੱਖ ਹੈ
ਜੀਵਨ ਜਾਚ ਦਾ ਸਹਾਰਾ ਹੈ
ਤਖ਼ਤੀ ਦੇ ਪਿੰਡੇ 'ਚ
ਰੱਬੀ ਰਹੱਸ ਦਾ ਨੂਰ ਹੈ
ਗਿਆਨ ਜਿਉਣਾ
ਗਿਆਨ ਵੰਡਣਾ ਤਖ਼ਤੀ ਦਾ ਦਸਤੂਰ ਹੈ

-0-

ਤਖ਼ਤੀ ਮਨੁੱਖ ਦਾ ਚਾਨਣ ਬਣਕੇ
ਹਨ੍ਹੇਰਿਆਂ 'ਚ ਰੌਸ਼ਨੀ ਕਰਦੀ ਹੈ
ਨੰਨੀਆਂ ਨੰਨੀਆਂ ਜੋਤਾਂ ਦੇ ਪੈਰਾਂ 'ਚ
ਬਚਪਣ ਤੋਂ ਬੁੱਢਾਪੇ ਤਕ
ਸੂਰਜਾਂ ਦੇ ਦੀਵੇ ਧਰਦੀ ਹੈ

-0-

ਤਖ਼ਤੀ ਜੀਵਨ ਦੀ ਦੇਹ ਹੈ
ਜਿਸ ਤੇ ਲਿਖੇ ਅੱਖਰ
ਮਨੁੱਖ ਦੀ ਸੰਸਕ੍ਰਿਤੀ ਸਭਿਆਚਾਰ ਦੀ
ਕੁੱਖ ਹਨ ਵਿਸਥਾਰ ਹਨ
ਮਨੁੱਖ ਦਾ ਕਾਰਜ ਕਰਮ ਹਨ
ਮਨੁੱਖ ਦੇ ਮਨੁੱਖ ਹੋਣ ਦਾ ਪ੍ਰਮਾਣ ਹਨ
ਮਨੁੱਖ ਦਾ ਧਰਮ ਹਨ
ਮਨੁੱਖ ਲਈ ਰੱਬੀ ਦੁਆਰ ਹਨ

-0-

ਤਖ਼ਤੀ ਜਦ ਤਿੜਕ ਜਾਂਦੀ ਹੈ
ਜੀਵਨ ਦਾ ਸਾਗਰ ਰਿੜਕ ਜਾਂਦੀ ਹੈ

ਅੰਮ੍ਰਿਤ ਦੇ ਵਿਸ਼ ਦਾ ਸਥਾਨ ਮਿੱਥਦੀ ਹੈ
ਇਨਸਾਨ ਦਾ ਭਗਵਾਨ ਮਿੱਥਦੀ ਹੈ

-0-

ਨੰਨੀਆਂ ਨੰਨੀਆਂ ਜੋਤਾਂ
ਤਿੜਕੀ ਤਖ਼ਤੀ ਨਾਲ ਖਿਦੋ ਖੇਡਦੀਆਂ ਹਨ
ਜਦ ਖੇਡਣ ਯੋਗ ਨਹੀਂ ਰਹਿੰਦੀ
ਤਾਂ ਚੁੱਲ੍ਹੇ 'ਚ ਬਲ ਜਾਂਦੀ ਹੈ
ਬਲਦੀ ਬਲਦੀ ਤਖ਼ਤੀ
ਮਨੁੱਖ ਦੇ ਵਿਹੜੇ 'ਚ ਚਾਨਣ ਕਰ ਜਾਂਦੀ ਹੈ
ਇਕ ਤਲੀ ਤੇ ਅੰਮ੍ਰਿਤ
ਦੂਜੀ ਤਲੀ ਤੇ ਵਿਸ਼ ਧਰ ਜਾਂਦੀ ਹੈ

-0-

ਤਖ਼ਤੀ ਜੋ ਚੁੱਲ੍ਹੇ 'ਚ ਬਦਲੀ ਹੈ
ਤਵੇ ਤੇ ਪਈ ਰੋਟੀ ਪਕਾਉਂਦੀ ਹੈ
ਤਖ਼ਤੀ ਬਲਕੇ ਵੀ
ਮਨੁੱਖਤਾ ਦੇ ਕੰਮ ਆਉਂਦੀ ਹੈ
ਜ਼ਿੰਦਗੀ 'ਚ ਅੰਮ੍ਰਿਤ ਤੇ ਵਿਸ਼ ਦਾ ਮੁੱਲ
ਪਾਉਂਦੀ ਹੈ

0 0 0

# ਖੂਹ

ਮੈਂ ਉਜੜਿਆ ਖੂਹ ਹਾਂ
ਮੇਰੇ 'ਚ ਉੱਲੂਆਂ ਦਾ ਵਸੇਰਾ ਹੈ
ਕੀੜਿਆਂ ਕਾਡਿਆਂ ਦੇ ਭੌਣ ਹਨ
ਪਤਝੜਾਂ ਉਜਾੜਾਂ ਉਦਾਸੀਆਂ ਦਾ ਡੇਰਾ ਹੈ
ਖੰਡਰ ਹੋ ਗਿਆ ਵਜੂਦ ਮੇਰਾ ਹੈ

-0-

ਮੈਂ ਜਲ ਸਾਂ
ਕੁੜੀਆਂ ਚਿੜੀਆਂ ਦੇ ਪਾਣੀ ਭਰਨ
ਦੇ ਆਉਣ ਦੀ ਉਮੀਦ ਸੀ
ਮੈਂ ਪੰਛੀਆਂ ਪਸ਼ੂਆਂ ਤੇ ਰਾਹੀਆਂ ਦੀ
ਪਿਆਸ ਬੁੱਝਾਉਂਦਾ ਸਾਂ
ਤਪਦੇ ਪਿੰਡਿਆਂ 'ਚ ਠੰਡ ਵਰਤਾਉਂਦਾ ਸਾਂ
ਉਨ੍ਹਾਂ ਦਾ ਸੇਕ ਪੀਂਦਾ ਸਾਂ
ਹਰਿਆਵਲ ਬੀਜਦਾ ਸਾਂ
ਖੇਤਾਂ ਨੂੰ ਲਗਦਾ ਸਾਂ ਅੰਨ ਉਗਾਉਂਦਾ ਸਾਂ
ਲੋਕਾਈ ਦੀ ਭੁੱਖ ਮਿਟਾਉਂਦਾ ਸਾਂ
ਜਲ ਦਾ ਮੋਹ ਜਿਉਂਦਾ ਸਾਂ
ਜਲ ਦਾ ਪਿੰਡਾ ਹੰਢਾਉਂਦਾ ਸਾਂ

-0-

ਇਹ ਉਜਾੜਾ ਇਹ ਸੋਕਾ ਇਹ ਖੰਡਰ
ਉਦੋਂ ਵੀ ਮੇਰੇ ਜਲ 'ਚ ਸਨ
ਪਰ ਜਲ ਦੇ ਮੋਹ 'ਚ
ਮੈਂ ਇਨ੍ਹਾਂ ਦਾ ਵਜੂਦ ਪਹਿਚਾਣ ਨਹੀਂ ਸਕਿਆ
ਜਲ ਜੋ ਸੱਚ ਸੀ ਮੇਰਾ
ਜਲ ਦੇ ਪਿੰਡੇ 'ਚ ਸੋਕੇ ਉਜਾੜਾ ਖੰਡਰ ਸੀ ਮੇਰਾ
ਅਸਲ ਜਲ ਭਰਮ ਸੀ ਮੇਰਾ
ਮੈਂ ਭਰਮ ਹੀ ਜਿਉਂਦਾ ਰਿਹਾ

-0-

ਜਲ ਵਿਚਲੇ ਸੋਕੇ ਨੂੰ ਮਾਣ ਨਾ ਸਕਿਆ
ਜੇ ਮੈਂ ਜਿਉਂਦੇ ਜੀਅ
ਜਲ ਵਿਚਲੇ ਸੋਕੇ ਤੇ ਖੰਡਰ ਨੂੰ
ਜਿਉਣ ਦਾ ਆਦੀ ਹੋ ਜਾਂਦਾ
ਅੱਜ ਮੈਂ ਉਜੜਿਆ ਖੂਹ ਨਾ ਹੁੰਦਾ
ਸੋਕੇ ਚੋਂ ਚਿਹਰੇ ਤੇ ਉੱਗੀ ਹਰਿਆਵਲ ਹੁੰਦਾ
ਆਪਣੇ ਖੰਡਰ ਦੀ ਦੇਹ 'ਚ
ਜਲ ਦਾ ਬੋਲ ਹੁੰਦਾ

-0-

ਮੈਂ ਉੱਜੜਿਆ ਖੂਹ ਹਾਂ
ਮੇਰੇ 'ਚ ਉੱਲੂਆਂ ਦਾ ਵਸੇਰਾ ਹੈ
ਕੀੜਿਆਂ ਕਾਡਿਆਂ ਦੇ ਭੌਣ ਹਨ
ਪੱਤਝੜਾਂ ਉੱਜਾੜਾਂ ਉਦਾਸੀਆਂ ਦਾ ਡੇਰਾ ਹੈ
ਖੰਡਰ ਹੋ ਗਿਆ ਵਜੂਦ ਮੇਰਾ ਹੈ

0 0 0

## ਸਰਦਲ

ਸਰਦਲ ਚਾਹੁੰਦੀ ਹੈ
ਘਰ ਤੋਂ ਪਿੰਡ ਸ਼ਹਿਰ ਸੂਬਾ ਦੇਸ਼ ਤੋਂ
ਵਿੱਸ਼ਵ ਘਰ ਉਸਾਰਨਾ
ਵਿੱਸ਼ਵ ਘਰ 'ਚ ਘਰਾਂ ਦੀ ਜਮਾਂ ਉਤਾਰਨਾ
ਜਿੱਥੇ ਸਿਰਫ਼ ਧਰਤ ਵਿਹੜਾ ਹੈ
ਨਾ ਕੰਧਾਂ ਨਾ ਬੰਨੇ ਨਾ ਬੱਨੇਰਾ ਹੈ
ਸਰਦਲ
ਘਰ 'ਚ ਵਿੱਸ਼ਵ ਘਰ ਦੀ ਨੁਹਾਰ ਵੇਖਦੀ ਹੈ
ਆਪਣੇ ਅੰਦਰ ਤੇ ਬਾਹਰ
ਘਰ ਦਾ ਅਕਾਰ ਵੇਖਦੀ ਹੈ

-0-

ਸਰਦਲ ਵੰਡਾਂ ਦਾ ਵਜ਼ੂਦ ਤਿਆਗ
ਵਿੱਸ਼ਵ ਘਰ ਦਾ ਸੰਕਲਪ ਜਿਉਂਦੀ ਹੈ
ਸਰਦਲ ਦੀ ਜੂਨ ਤਿਆਗ
ਵਿੱਸ਼ਵ ਘਰ ਦਾ ਰੂਪ ਹੋਣਾ ਚਾਹੁੰਦੀ ਹੈ
ਮਾਨਵਤਾ ਜਿਸ ਘਰ ਦਾ ਵਸੇਰਾ ਹੈ
ਉਹ ਵਿੱਸ਼ਵ ਘਰ ਨਾ ਤੇਰਾ ਨਾ ਮੇਰਾ ਹੈ

-0-

ਵਿੱਸ਼ਵ ਘਰ ਦਾ ਹਰ ਚਿਹਰਾ
ਹਰ ਚਿਹਰੇ ਤੋਂ ਜਾਣੂ ਹੈ
ਲਹੂ ਦਾ ਰੰਗ ਸਭ ਦੀ ਸ਼ਨਾਖ਼ਤ ਹੈ
ਮਨੁੱਖ ਹੀ ਮਨੁੱਖ ਦੀ ਇਬਾਦਤ ਹੈ
ਹਰ ਚਿਹਰੇ ਦਾ ਸੱਚ
ਮਨੁੱਖਤਾ 'ਚ ਸਮਾਇਆ ਹੈ
ਵਿੱਸ਼ਵ ਘਰ ਦੀ ਸਿਰਜਣਾ 'ਚ
ਸਰਦਲ ਨੇ ਆਪਣਾ ਵਜ਼ੂਦ ਮਿਟਾਇਆ ਹੈ

ਉੱਤਰ ਪੂਰਬ ਪੱਛਮ ਦੱਖਣ
ਵਿੱਸ਼ਵ ਘਰ ਦੇ ਖੁੱਲ੍ਹੇ ਦੁਆਰ ਹਨ
ਇਕ ਛੱਤ ਹੈ ਇਕ ਵਿਹੜਾ ਹੈ
ਨਾ ਵੰਡੀਆਂ ਹਨ
ਨਾ ਰੰਗਾਂ ਜਾਤਾਂ ਧਰਮਾਂ ਦਾ ਸ਼ੋਰ ਹੈ
ਮਨੁੱਖ ਤੇ ਮਨੁੱਖ ਦੀਆਂ ਖੁਸ਼ੀਆਂ
ਦਾ ਦੌਰ ਹੈ

-0-

ਸਰਦਲ
ਆਪਣੇ ਸੱਚ ਤੋਂ
ਆਪਣਾ ਝੂਠ ਉਤਾਰਦੀ ਹੈ
ਵਿੱਸ਼ਵ ਦੇ ਚਿਹਰੇ 'ਚੋਂ
ਆਪਣਾ ਸੱਚ ਭਾਲਦੀ ਹੈ
ਵੰਡ ਦਾ ਇਲਜਾਮ ਯੁੱਗਾਂ ਤੋਂ ਸਹਾਰਦੀ ਰਹੀ ਹੈ
ਆਪਣੇ ਖਿਆਲਾਂ 'ਚ ਜਿਉਂਦੀ ਰਹੀ ਹੈ
ਆਪਣਾ ਸੱਚ ਮਾਰਦੀ ਰਹੀ ਹੈ
ਵਿੱਸ਼ਵ ਘਰ ਦੇ ਜਨਮ ਤੇ
ਸਰਦਲ ਆਪਣੀ ਜੂਨ ਤੋਂ ਮੁਕਤੀ ਚਾਹੁੰਦੀ ਹੈ
ਵਿੱਸ਼ਵ ਘਰ ਦੀ ਹੋਂਦ ਜਿਉਂਦੀ ਹੈ
ਹੰਢਾਉਂਦੀ ਹੈ

0 0 0

## ਸਿਆਹੀ ਦੀ ਦੁਆਤ

ਮੈਂ ਸਿਆਹੀ ਦੀ ਦੁਆਤ ਹਾਂ
ਆਦਿ ਹਾਂ ਜੁਗਾਦਿ ਹਾਂ
ਮਨੁੱਖ ਦੇ ਜਨਮ ਤੋਂ ਪਹਿਲਾਂ
ਮਨੁੱਖ ਦੀ ਕਿਸਮਤ ਦਾ ਹਿਸਾਬ ਹਾਂ
ਮੈਂ ਜਨਮ ਤੋਂ ਮੌਤ ਦਾ ਸਫ਼ਰ ਹਾਂ
ਮੈਂ ਹੀ ਮਨੁੱਖ ਦੀ ਕੁੱਖ ਹਾਂ
ਮੈਂ ਹੀ ਮਨੁੱਖ ਦੀ ਕਬਰ ਹਾਂ

–0–

ਮੇਰੀ ਹੋਂਦ ਵੇਦਾਂ ਗ੍ਰੰਥਾਂ ਸ਼ਾਸਤਰਾਂ ਦਾ ਸੱਚ ਹੈ
ਮਨੁੱਖ ਮਨੁੱਖਤਾ 'ਤੇ ਸ੍ਰਿਸ਼ਟੀ ਦਾ ਜਨਮ
ਇਤਿਹਾਸ ਮੇਰੇ ਮੂੰਹ ਤੇ ਲਿਖਿਆ ਪ੍ਰਤੱਖ ਹੈ
ਮੈਂ ਭੂਤ ਤੋਂ ਪਹਿਲਾਂ
ਤੇ ਭਵਿੱਖ ਤੋਂ ਪਿੱਛੇ ਦਾ ਪੈਂਡਾ ਹਾਂ
ਮੈਂ ਸਮੇਂ ਦਾ ਸੱਚ ਹਾਂ
ਅਰਥ ਸੰਕਲਪ ਤੇ ਸ਼ਬਦ ਦੀ ਪਹਿਚਾਣ ਹਾਂ
ਮੈਂ ਬ੍ਰਹਿਮੰਡਾਂ ਅਕਾਸ਼ਾਂ ਧਰਤੀਆਂ
ਸੂਰਜਾਂ ਚੰਨਾਂ ਤਾਰਿਆਂ ਦੀ ਜਬਾਨੋ ਹਾਂ

–0–

ਮੈਂ ਅਰਬ ਦੇ ਸ਼ਹਿਰਾਂ ਦੇ ਜ਼ਰਿਆਂ ਤੋਂ
ਅੰਬਰ ਦੇ ਤਾਰਿਆਂ ਤੱਕ ਵਿਚਰਦੀ ਹਾਂ
ਮੈਂ ਮਨੁੱਖ ਦੇ ਸਾਹਾਂ ਦੀ ਗਿਣਤੀ ਹਾਂ
ਸੂਰਜ ਦੀਆਂ ਕਿਰਨਾਂ
ਸਾਗਰ ਦੇ ਪਾਣੀਆਂ ਦੀ ਮਿਣਤੀ ਹਾਂ
ਮੇਰੀ ਨਜ਼ਰ 'ਚ ਧਰਤ ਘੁੰਮਦੀ ਹੈ
ਅੰਬਰ ਭਾਉਂਦਾ ਨਜ਼ਰ ਆਉਂਦਾ ਹੈ
ਤਿੱਤਲੀ ਦੀ ਆਹਟ ਸੁਣਦੀ ਹਾਂ
ਭੌਰਾ ਗਾਉਂਦਾ ਨਜ਼ਰ ਆਉਂਦਾ ਹੈ

–0–

ਮੇਰੀ ਸਿਆਹੀ ਦੇ ਕੰਠ ਚੋਂ
ਬੀਤਿਆ ਸਮਾਂ ਬੋਲਦਾ ਹੈ
ਗਗਨ 'ਚ ਚੰਨਾਂ ਸੂਰਜਾਂ ਤਾਰਿਆਂ
ਗ੍ਰਿਹਾਂ ਦਾ ਗਿਆਨ ਬੋਲਦਾ ਹੈ
ਮੇਰੇ ਵਜੂਦ 'ਚ ਮੋਇਆ
ਇਨਸਾਨ ਬੋਲਦਾ ਹੈ
ਕਬਰਾਂ ਦੀ ਚੁੱਪ ਬੋਲਦੀ ਹੈ
ਸ਼ਮਸ਼ਾਨ ਬੋਲਦਾ ਹੈ

-0-

ਕੁੱਲ ਬ੍ਰਹਿਮੰਡ ਜੀਵ ਜੰਤੂ ਪਸ਼ੂ ਪਖ਼ਸ਼ੀ
ਸਭ ਮੇਰੀ ਹੋਂਦ ਹਢਾਉਂਦੇ ਹਨ
ਮੇਰੀ ਸਿਆਹੀ ਚੋਂ ਉਪਜੇ ਹਨ
ਮੇਰਾ ਲਿਖਿਆ ਭੋਗਦੇ ਹਨ
ਜਿਉਂਦੇ ਹਨ
ਮੇਰੇ ਹੱਥ ਡੋਰ ਹੈ ਸਭ ਦੀ
ਇਹ ਪੁਤਲੀਆਂ ਹਨ ਮੇਰੀਆਂ
ਮੈਂ ਇਨ੍ਹਾਂ ਦੀ ਨੱਚਾਵੀ ਹਾਂ
ਇਹ ਖੇਡ ਹਨ ਮੇਰੀ
ਮੈਂ ਇਨ੍ਹਾਂ ਦੀ ਖਿਡਾਵੀ ਹਾਂ

-0-

ਪ੍ਰਕਿਰਤੀ ਦੇ ਮੁੱਢ ਤੋਂ ਹੁਣ ਤਕ ਦਾ
ਮੇਰੇ 'ਚ ਹਿਸਾਬ ਹੈ
ਮੇਰਾ ਵਜ਼ੂਦ ਕੁਦਰਤ ਤੇ ਕਾਦਰ ਦੀ
ਖੁੱਲੀ ਕਿਤਾਬ ਹੈ
ਮੇਰੀ ਸਿਆਹੀ ਦੀ ਕਾਲਖ 'ਚ
ਗਿਆਨਾਂ ਦਾ ਗਿਆਨ ਹੈ
ਸਮੇਂ ਦੇ ਨਕਸ਼ ਹਨ
ਜ਼ਿੰਦਗੀ ਦੀ ਪਹਿਚਾਣ ਹੈ
ਮੇਰੀ ਸਿਆਹੀ 'ਚ
ਜਿਉਂਦੀ ਜਾਗਦੀ ਤਸਵੀਰ ਦੁਨੀਆਂ ਦੀ
ਮੁੱਢ ਦੁਨੀਆਂ ਦਾ ਅਖ਼ੀਰ ਦੁਨੀਆਂ ਦਾ

0 0 0

## ਕਾਇਦਾ

ਮੈਂ ਪੰਜਾਂ ਛਿਆਂ ਵਰਕਿਆਂ ਦਾ
ਸਿਰਫ਼ ਕਾਇਦਾ ਹੀ ਨਹੀਂ
ਵੇਦਾਂ ਸ਼ਾਸਤਰਾਂ ਦਾ ਮੂਲ ਹਾਂ
ਜੜ੍ਹ ਹਾਂ ਵਿਸਥਾਰ ਹਾਂ
ਮੈਂ ਪ੍ਰਕਿਰਤੀ ਦੇ ਬ੍ਰਹਿਮੰਡਾਂ ਦਾ ਨੂਰ ਹੀ ਨਹੀਂ
ਨੂਰ ਦਾ ਖ਼ੁਦ ਸਿਰਜਣਹਾਰ ਹਾਂ

–0–

ਮੇਰੇ ਵਜ਼ੂਦ 'ਚ ਗਗਨਾਂ ਦਾ ਗਿਆਨ ਹੈ
ਧਰਤੀ ਦਾ ਦਰਸ਼ਨ ਹੈ
ਦੁਨੀਆਂ ਦਾ ਵਿਗਿਆਨ ਹੈ
ਮੈਂ ਪ੍ਰਕਿਰਤੀ ਦਾ ਬੀਜ ਹਾਂ
ਕਾਦਰ ਦਾ ਸ਼ਬਦ ਹਾਂ ਅਰਥ ਹਾਂ ਸੰਕਲਪ ਹਾਂ

–0–

ਮੈਂ ਬ੍ਰਹਿਮੰਡਾਂ ਆਕਾਸ਼ਾਂ ਧਰਤੀਆਂ
ਸੂਰਜਾਂ ਚੰਨਾਂ ਤਾਰਿਆਂ ਦਾ ਦੁਆਰ ਹਾਂ
ਮੈਂ ਉਹ ਬੂੰਦ ਹਾਂ ਜਿਸ 'ਚ
ਸਾਗਰ ਸਮਾਏ ਹਨ
ਵਸਤੂ ਜਗਤ ਤੋਂ ਅਧਿਆਤਮਕ ਜਗਤ
ਦਾ ਗਿਆਨ ਦਰਸ਼ਨ ਤੇ ਸੱਚ
ਆਪਣੀ ਦੇਹ 'ਚ ਵਿਸਾਏ ਹਨ

–0–

ਮੈਂ ਕੁੱਲ ਮਾਨਵਤਾ ਸ੍ਰਿਸ਼ਟੀ ਤੇ
ਦ੍ਰਿਸ਼ਟੀ ਦਾ ਬ੍ਰਹਮ ਬੀਜ ਹਾਂ
ਮੇਰੀ ਦੇਹ 'ਚ ਬ੍ਰਹਮ ਤੇ ਬ੍ਰਹਿਮੰਡਾਂ ਦਾ ਵਸੇਰਾ ਹੈ
ਮੇਰੀ ਪੈਂਤੀ ਅੱਖਰੀ ਦੇ ਚਾਨਣ 'ਚ
ਨੂਰਾਂ ਦੇ ਨੂਰ ਦਾ ਡੇਰਾ ਹੈ

–0–

ਵਸਤੂ ਸੰਸਾਰ
ਤੇ ਕਾਦਰ ਦੀ ਵਿਸ਼ਾਲਤਾ 'ਚ ਉਤਰਨ ਤੋਂ ਪਹਿਲਾਂ
ਮਨੁੱਖ ਨੂੰ
ਮੇਰੇ 'ਚ ਉਤਰਨਾ ਪੈਂਦਾ ਹੈ
ਮੇਰੀ ਹੋਂਦ ਨੂੰ ਆਪਣੇ 'ਚ ਉਤਾਰਨਾ ਪੈਂਦਾ ਹੈ
ਮੇਰੀ ਲੋਅ ਮਨੁੱਖ ਆਪਣੇ ਮਸਤਕ 'ਚ
ਜਗਾਉਂਦਾ ਹੈ ਆਪਣ
ਆਪਣੀ ਆਤਮਾ ਤੇ ਆਤਮਾ ਦਾ ਸੱਚ ਪਾਉਂਦਾ ਹੈ

-0-

ਮੇਰਾ ਵਜ਼ੂਦ
ਜੇ ਬ੍ਰਹਿਮੰਡਾਂ ਪ੍ਰਕਿਰਤੀਆਂ ਤੇ ਸ੍ਰਿਸ਼ਟੀਆਂ ਚੋਂ
ਮਨਫ਼ੀ ਹੋ ਜਾਏ
ਬਾਕੀ ਅਗਿਆਨ ਹੈ ਹਨ੍ਹੇਰ ਹੈ
ਕਬਰਾਂ ਦੀ ਅਬਾਦੀ ਹੈ ਸ਼ਮਸ਼ਾਨ ਹੈ
ਪੱਥਰ ਦੀ ਧਰਤੀ ਹੈ
ਪੱਥਰ ਦੇ ਸੂਰਜ ਚੰਨ ਤਾਰੇ ਪੱਥਰ ਦਾ ਅਸਮਾਨ ਹੈ
ਕਰੋੜਾਂ ਸੂਰਜਾਂ ਦੇ ਚਾਨਣ 'ਚ ਵੀ
ਮਨੁੱਖ ਆਪਣਾ ਆਪ ਪਹਿਚਾਣ ਨਹੀਂ ਸਕਦਾ
ਮੇਰੇ ਅੱਖਰਾਂ ਦੀ ਲੋਅ ਬਿਨਾਂ
ਆਪਣੇ ਆਪ ਦਾ ਜੀਵਨ
ਮੌਤ ਤੇ ਕਾਦਰ ਦਾ ਸੱਚ ਜਾਣ ਨਹੀਂ ਸਕਦਾ

-0-

ਮੈਂ ਪੰਜਾਂ ਛਿਆਂ ਵਰਕਿਆਂ ਦਾ
ਸਿਰਫ ਕਾਇਦਾ ਹੀ ਨਹੀਂ
ਵੇਦਾਂ ਸ਼ਾਸਤਰਾਂ ਗ੍ਰੰਥਾਂ ਦਾ ਮੂਲ ਹਾਂ
ਜੜ੍ਹ ਹਾਂ ਵਿਸਥਾਰ ਹਾਂ
ਮੈਂ ਪ੍ਰਕਿਰਤੀ ਤੇ ਬ੍ਰਹਿਮੰਡਾਂ ਦਾ ਨੂਰ ਹੀ ਨਹੀਂ
ਨੂਰਾਂ ਦੇ ਨੂਰ ਦਾ ਸਿਰਜਣਹਾਰ ਹਾਂ

0 0 0

## ਸੜਕ

ਸੜਕ ਆਪਣਾ ਆਪ ਪਹਿਚਾਣਦੀ ਹੈ
ਆਪਣੀ ਹੋਂਦ ਦਾ ਸੱਚ ਜਾਣਦੀ ਹੈ
ਇਸ ਲਈ ਮੁਸਾਫ਼ਰਾਂ ਦੇ ਪੈਰਾਂ 'ਚ ਵਿਛੀ ਹੈ
ਅਮੀਰ ਗਰੀਬ ਚੋਰ ਸਾਧ ਉੱਚਾ ਨੀਵਾਂ
ਸਭ ਲਈ ਸੜਕ ਦੇ ਦੁਆਰ ਖੁੱਲ੍ਹੇ ਹਨ
ਸੜਕ ਹਵਾ ਦੀ ਨਿਰੰਤਰਤਾ ਹੈ
ਸੜਕਾਂ ਦੇ ਪਿੰਡੇ 'ਚ ਹਵਾ ਦੇ ਅਜ਼ਾਦ ਬੁੱਲ੍ਹੇ ਹਨ

-0-

ਨਿਮਰਤਾ ਸਬਰ-ਸੰਤੋਖ ਤੇ ਕਲਿਆਣ
ਸੱਚ ਤੇ ਸੁੰਦਰਤਾ ਦਾ ਨੂਰ
ਇਸ 'ਚ ਸਮਾਇਆ ਹੈ
"ਨਾ ਕੋਈ ਵੈਰੀ ਨਾ ਕੋਈ ਬੈਗਾਨਾ
ਸਗਲ ਸੰਗ ਹਮ ਕੋ ਬਣ ਆਈ"
ਇਸ ਦਾ ਨੀਵਾਂਪਣ ਹੀ
ਇਸ ਦੀ ਉਚਾਈ ਹੈ
ਆਪਣੇ ਪਿੰਡੇ ਤੇ ਧੁੱਪਾਂ ਮੀਂਹ ਤੇ
ਹਨ੍ਹੇਰੀਆਂ ਹਢਾਉਂਦੀ ਹੈ
ਪਰ ਉਫ਼ ਨਹੀਂ ਕਰਦੀ
ਭਾਣਾ ਮੰਨਦੀ ਹੈ ਭਾਣੇ 'ਚ ਜਿਉਂਦੀ ਹੈ
ਆਪਣੇ ਕੋਲ ਬਹਿੰਦੀ ਹੈ
ਮੁਸਾਫ਼ਰਾਂ ਦੇ ਪੈਰਾਂ ਦੀ ਧੂੜ ਹੈ
ਆਪਣੇ ਸੱਚ ਦਾ ਨੂਰ ਹੈ

-0-

ਤੂੰ ਵੀ ਜੇ ਸੱਚ ਪਾਉਣਾ ਚਾਹੁੰਦਾ ਹੈ
ਤਾਂ ਸੜਕ ਦੀ ਹੋਂਦ ਆਪਣੇ 'ਚ ਉਤਾਰ ਲੈ
ਆਪਣੇ ਆਪ ਤੇ
ਪੈਰ ਧਰ ਕੇ ਗੁਜ਼ਰ
ਅਸਮਾਨੀ ਉੱਡਦੀਆਂ ਧਰਤੀ ਤੇ ਉਤਾਰ

ਆਪਣੇ ਆਪ 'ਚ ਵਰ ਹੋ ਜਾ
ਤੇਰਾ ਕੋਈ ਰੰਗ ਨਸਲ ਜਾਤ ਪਾਤ ਨਾ ਰਹੇ
ਸੜਕ ਵਾਂਗ ਲੋਕਾਈ ਦੇ ਪੈਰਾਂ 'ਚ ਵਸ
ਤੇਰੀ ਕੋਈ ਉਕਾਤ ਨਾ ਰਹੇ

-0-

ਸੜਕ ਨੂੰ ਆਪਣੇ ਸਾਹਾਂ 'ਚ ਬਿਠਾਲ
ਲਹੂ 'ਚ ਉਤਾਰ
ਨਜ਼ਰ ਵਾਂਗ ਆਪਣੇ ਨੈਣਾਂ 'ਚ ਪਾ
ਸੜਕ ਦੀ ਤਾਸੀਰ ਤੇ ਜ਼ਾਮੀਰ ਹੋ ਜਾ
ਸੜਕ ਹਲੀਮੀ ਦਾ ਪ੍ਰਤੀਕ ਹੈ
ਨੀਵੇਂ ਹੋਣ ਦਾ ਸੱਚ ਹੈ ਵਜ਼ੂਦ ਹੈ
ਲੋਕਾਂ ਦੇ ਪੈਰਾਂ ਦੀ ਧੂੜ ਹੈ
ਇਸ ਧੂੜ 'ਚ ਹੀ ਰੱਬੀ ਨੂਰ ਹੈ

-0-

ਰਾਤ ਦੇ ਪਿੱਛਲੇ ਪਹਿਰ ਸੜਕ ਬੋਲਦੀ ਹੈ
ਆਪਣੇ ਨੀਵੇਂਪਣ ਦਾ ਭੇਦ ਖੋਲਦੀ ਹੈ
"ਨੀਚਾ ਅੰਦਰ ਨੀਚ ਜਾਤ ਅਤਿ ਨੀਚੀ ਹੂੰ
ਅਤਿ ਨੀਚ
ਨਾਨਕ ਤਿੰਨ ਕੇ ਸਾਥ ਸੰਗ ਵਡਿਆ ਸੰਗ ਕੀ ਰੀਸ"
ਮਹਿੰਦੀ ਪੱਥਰ ਤੇ ਘਿਸਦੀ ਹੈ
ਆਪਣੀ ਹੋਂਦ ਗੁਆਉਂਦੀ ਹੈ
ਆਪਣੇ ਰੰਗ ਦੇ ਸੱਚ ਤਕ ਅੱਪੜ ਜਾਂਦੀ ਹੈ
ਰਾਤ ਦੇ ਪਿੱਛਲੇ ਪਹਿਰ ਸੜਕ ਗਾਉਂਦੀ ਹੈ
ਆਪਣੇ 'ਚ ਵਸਦੇ ਸੱਚ ਦੀ
ਬਾਤ ਪਾਉਂਦੀ ਹੈ

-0-

ਜੇ ਸੜਕ ਦੇ ਸੱਚ ਹੋਂਦ ਤੇ ਵਜ਼ੂਦ ਨੂੰ
ਆਪਣੇ 'ਚ ਵਸਾਏਂਗਾ
ਤੇਰੇ ਰੁੱਖ ਤੇ ਵੱਖ-ਵੱਖ ਰੰਗਾਂ ਕਿਸਮਾਂ
ਤੇ ਬੋਲੀਆਂ ਦੇ ਪੰਛੀ
ਆਪਣਾ ਆਲ੍ਹਣਾ ਪਾਵਣਗੇ

ਤੇਰੀ ਦੇਹ ਜੀਵਣਗੇ
ਤੇਰਾ ਜੱਸ ਹੰਢਾਵਣਗੇ
ਤੇਰੀ ਦੇਹ ਤੋਂ ਤੇਰੀ ਰੂਹ ਤਕ ਉੱਤਰ ਜਾਵਣਗੇ
ਤੇਰੀ ਰੂਹ ਦਾ ਸੱਚ
ਦੁਆਲੇ ਉੱਗਾਵਣਗੇ
ਤੂੰ ਆਪਣੇ ਸੱਚ ਦੇ ਅੰਦਰ ਤੇ ਬਾਹਰ ਜੀਵੇਂਗਾ
ਜੇ ਤੂੰ ਸੜਕ ਸਿਮਰੇਂਗਾ ਧਿਆਵੇਂਗਾ
ਤੂੰ ਆਪਣੇ ਆਪ 'ਚ ਹੀ
ਆਪਣਾ ਸੱਚ ਕਹਾਵੇਂਗਾ
0 0 0

## ਗਲੀਆਂ

ਅਸੀਂ ਤੇਰੀਆਂ ਮਹਿਬੂਬ ਗਲੀਆਂ ਹਾਂ
ਤੇਰੀਆਂ ਸੁੰਦਰ ਖਿਡਾਵੀਆਂ ਹਾਂ
ਤੇਰੇ ਗੁੱਡਿਆਂ ਦੀਆਂ ਬਾਵੀਆਂ ਹਾਂ

-0-

ਤੇਰੇ ਨੰਨੇ ਨੰਨੇ ਹੱਥ
ਸਾਨੂੰ ਫੜਕੇ ਜਦ ਤੁਰਦੇ ਸਨ
ਸਾਡੇ ਭਵਿੱਖ ਦੇ ਉਜਾਲਿਆਂ 'ਚ
ਸੂਰਜ ਜਗਦੇ ਸਨ
ਤੇਰੀਆਂ ਕਲਕਾਰੀਆਂ ਤੇਰਾ ਹਾਸਾ
ਸਾਡੀਆਂ ਕਾਲਖਾਂ ਹੂੰਝਦਾ ਸੀ
ਤੇਰੇ ਵਿਛੋੜੇ 'ਚ ਤੇਰੇ ਨੰਨੇ ਹੱਥ
ਸਾਡੇ ਅੱਥਰੂ ਪੂੰਝਦੇ ਸਨ

-0-

ਸਾਡੀਆਂ ਯਾਦਾਂ 'ਚ
ਤੇਰਾ ਲਾਲ ਗੋਪਾਲ ਸਰੂਪ ਹੀ ਹੈ
ਸਾਡੇ ਹੁਸਨ 'ਚ
ਤੇਰੀ ਜੁਆਨੀ ਦਾ ਸੰਕਲਪ ਹੈ
ਸੁੰਦਰ ਰੂਪ ਹੈ
ਤੇਰੇ ਸਡੌਲ ਜੁੱਸੇ ਦੀ ਖ਼ੁਸ਼ਬੂ ਹੈ
ਸਾਡੀ ਦੇਹ 'ਚ
ਤੇਰੀ ਵਸਦੀ ਰੂਹ ਹੈ

-0-

ਤੂੰ ਤਾਂ ਸੁਫ਼ਨੇ 'ਚ ਵੀ ਆਉਂਣਾ ਭੁੱਲ ਗਿਉਂ
ਪ੍ਰਦੇਸਣਾਂ ਅੱਖੀਆਂ 'ਚ ਏਨਾ ਘੁੱਲ ਗਿਉਂ
ਉਹਨਾਂ ਦਾ. ਹਾਸਾ ਹੋ ਗਿਉਂ
ਸਾਡੀਆਂ ਅੱਖ੍ਹਾਂ ਚੋਂ ਅੱਥਰੂ
ਬਣਕੇ ਡੁੱਲ੍ਹ ਗਿਉਂ

ਹੁਣ ਤਾਂ ਉਮਰ ਦੀ ਇਕੋ ਆਸ ਹੈ
ਸਾਡੇ ਢਲ ਰਹੇ ਹੁਸਨ ਨੂੰ
ਤੇਰੇ ਇਸ਼ਕ ਦੀ ਪਿਆਸ ਹੈ
ਅਸੀਂ ਤੇਰੀਆਂ ਆਸ਼ਕ ਗਲੀਆਂ ਹਾਂ
ਤੇਰੇ ਵਿਛੋੜੇ 'ਚ ਧੁਖੀਆਂ ਤੇ ਬਲੀਆਂ ਹਾਂ

-0-

ਬੜੀ ਮੁੱਦਤ ਪਿੱਛੋਂ
ਇਕ ਦਿਨ ਹਵਾ ਦੇ ਬੁੱਲ੍ਹੇ ਚੋਂ
ਤੇਰੀ ਖੁਸ਼ਬੂ ਆਈ ਸੀ
ਅਸੀਂ ਚੜ੍ਹਕੇ ਕੋਠੇ ਤੇ ਪਾਈ ਦੁਹਾਈ ਸੀ
ਕਿ ਸਾਡਾ ਬਚਪਨ ਮੁੜ ਕੇ ਆ ਗਿਆ
ਸਾਡਾ ਸੱਚ ਤੁਰ ਕੇ ਆ ਗਿਆ
ਸੁਣਦੀ ਲੋਕਾਈ ਸੀ
ਲੋਕਾਈ ਚੁੱਪ ਸੀ ਸਾਡੀ ਦੁਹਾਈ ਸੀ

-0-

ਲੋਕਾਈ ਦੀ ਚੁੱਪ ਟੁੱਟੀ ਤੇ ਸ਼ੋਰ ਬੋਲਿਆ
ਸ਼ੋਰ ਨੇ ਅੰਦਰੋਂ ਘਰ ਦਾ ਬੂਹਾ ਖੋਲ੍ਹਿਆ
ਸਰਦਲ ਤੇ ਬਚਪਨ ਦਾ ਭਰਮ ਖੜਾ ਸੀ
ਇੱਕ ਚਿੱਟ ਕਪੜੀਆ ਬੱਦਲ ਖੜਾ ਸੀ
ਜੋ ਆਪਣੀ ਜਵਾਨੀ ਦਾ ਮੀਂਹ
ਪ੍ਰਦੇਸਾਂ 'ਚ ਵਰ੍ਹਾ ਆਇਆ ਸੀ
ਰੂਹ ਤੇ ਜਿਸਮ ਤੋਂ ਖਾਲੀ
ਘਰ ਪਰਤ ਆਇਆ ਸੀ

-0-

ਨਾ ਘਰ ਦੀ ਸਰਦਲ
ਨਾ ਵਿਹੜੇ ਨਾ ਕੰਧਾਂ ਨੇ ਸਿਆਣਿਆ
ਚਿੱਟਾ ਬੱਦਲ
ਆਪਣੀ ਪਹਿਚਾਣ ਗੁਆ ਆਇਆ ਸੀ

ਪ੍ਰਦੇਸ ਚੋਂ ਆਇਆ
ਆਪਣੇ ਘਰ 'ਚ ਪ੍ਰਦੇਸੀ ਹੋ ਗਿਆ
ਗਲੀਆਂ ਦੇ ਗਲ ਲਗ ਕੇ ਰੋ ਪਿਆ
ਰੋ ਰਹੇ ਬੱਦਲ ਚੋਂ
ਗਲੀਆਂ ਨੇ ਬੱਦਲ ਦੇ ਬਚਪਨ ਦਾ
ਰੋਣਾ ਪਹਿਚਾਣਿਆ
ਬੋਲੀਆਂ
ਤੂੰ ਨੰਨਾ ਮੁੰਨਾ ਕਾਕਾ ਹੈਂ ਉਹ
ਭੁੱਲ ਗਿਆ ਸਦਾ ਲਈ ਸਾਨੂੰ ਸੀ ਜੋ
ਅਸੀਂ ਹੁਣ ਤੱਕ
ਤੇਰਾ ਬਚਪਣ ਨਹੀਂ ਭੁਲੀਆਂ
ਤੇਰੇ ਬਚਪਣ ਸਹਾਰੇ ਜੁਆਨੀ
ਕੱਟ ਲਈ

-0-

ਤੂੰ ਜੋ ਖੱਟਿਆ ਸੀ
ਸਭ ਕੁੱਝ ਗੁਆ ਆਇਆ ਹੈਂ
ਅਸੀਂ ਬਚਪਣ 'ਚ ਗੁਆਚੀ ਖੱਟੀ
ਬੁੱਢਾਪੇ 'ਚ ਖੱਟੀ ਹੈ
ਅਸੀਂ ਤੇਰੀਆਂ ਆਸ਼ਕ ਗਲੀਆਂ ਹਾਂ
ਤੇਰੇ ਵਿਛੋੜੇ 'ਚ ਧੁਖੀਆਂ ਤੇ ਬਲੀਆਂ ਹਾਂ
ਬਸ ਇਕੋ ਤੇਰੇ ਪਰਤਣ ਦੀ ਆਸ ਸੀ
ਇਸ ਲਈ ਦੇਹ 'ਚ ਅਟਕੇ ਸੁਆਸ ਸੀ

0 0 0

## ਅਰਮਾਨ

ਮੇਰੀ ਹੋਂਦ ਦੇ ਸੱਚ ਤੋਂ ਜਾਣੂ
ਜਗਿਆਸਾ 'ਚ
ਕੁੱਝ ਕਰਨ ਦਾ ਅਰਮਾਨ ਹੈ
ਜ਼ਿੰਦਗੀ ਦੇ ਸੱਖਣੇਪਣ ਨੂੰ ਭਰਨ ਦਾ ਅਰਮਾਨ ਹੈ
ਸਾਗਰ ਦੀ ਦੇਹ ਤਰਨ ਦੀ ਇੱਛਾ ਹੈ
ਧਰਤ ਤੇ ਅੰਬਰ ਵਿਚਲਾ ਖਲਾਅ
ਫੜਣ ਦੀ ਇੱਛਾ ਹੈ
ਜ਼ਿੰਦਗੀ ਦੀ ਤਲੀ ਤੇ ਨਿੱਘ ਧਰਨ ਦੀ
ਤੀਬਰਤਾ ਹੈ
ਧਰਤੀ ਦਾ ਚੱਪਾ ਚੱਪਾ ਛਾਣਨਾ
ਤੇ ਅਸਮਾਨ ਮੁੱਠ 'ਚ ਫੜਣ ਦਾ ਅਰਮਾਨ ਹੈ
ਪੱਤਝੜਾਂ ਦੇ ਪਿੰਡੇ ਬਹਾਰਾਂ ਧਰਨ ਦਾ ਅਰਮਾਨ ਹੈ

-0-

ਕਬਰਾਂ ਚੋਂ ਜ਼ਿੰਦਗੀ
ਉੱਗਉਣ ਦੀ ਤਮੰਨਾ ਹੈ
ਇਕੱਲਤਾ ਤੇ ਖ਼ਾਮੋਸ਼ੀ 'ਚ
ਬਣਕੇ ਰੌਣਕਾਂ ਤੇ ਸ਼ੋਰ
ਉੱਤਰ ਜਾਣ ਦੀ ਤਮੰਨਾ ਹੈ
ਸਾਗਰ ਦੇ ਚਿਹਰੇ ਚੋਂ ਸਾਗਰ ਦਿੱਸੇ
ਸਾਗਰ ਰੁਸ਼ਨਾਉਣ ਦੀ ਕਾਹਲ ਹੈ
ਚਾਨਣ ਫੈਲ ਜਾਏ ਧਰਤੀ ਦੇ ਜ਼ੱਰੇ ਜ਼ੱਰੇ 'ਚ
ਧਰਤੀ ਤੋਂ ਹਨ੍ਹੇਰਾ ਉਠਾਉਣ ਦੀ ਤਮੰਨਾ ਹੈ
ਜ਼ਿੰਦਗੀ ਜੀਉ ਸਕੇ ਜੀਵਨ ਲਈ
ਕੁੱਝ ਕਰਕੇ ਮਰ ਜਾਣ ਦੀ ਤਮੰਨਾ ਹੈ
ਆਦਮੀ ਆਦਮੀ ਬਣਕੇ ਜੀਅ ਸਕੇ
ਆਦਮੀ ਨੂੰ ਆਦਮੀ ਬਨਾਉਣ ਦੀ ਤਮੰਨਾ ਹੈ

0 0 0

## ਮਿੱਟੀ ਦੇ ਅੰਕੁਰ

ਮਿੱਟੀ ਹੋਈ ਦੇਹ ਵੀ
ਤੇਰਾ ਚਿਹਰਾ ਬੁੰਣਦੀ ਹੈ
ਕਬਰਾਂ ਦੀ ਦੇਹੀ
ਧੜਕਦੀ ਜ਼ਿੰਦਗੀ ਨੂੰ ਸੁਣਦੀ ਹੈ

-0-

ਸਿਰਜਿਆ
ਮਿੱਟੀ ਦੀ ਢੇਰੀ ਨੇ ਮੁਜੱਸਮਾਂ ਨੂਰ ਦਾ
ਉਭਰਿਆ ਚਿਹਰਾ
ਖਿਆਲਾਂ ਤੋਂ ਵੀ ਸੁੰਦਰ ਹੂਰ ਦਾ
ਹੂਰ ਦੇ ਨਕਸ਼ ਦੀ ਖੁਸ਼ਬੂ
ਦੇਹੀ ਦੇ ਬਦਨ 'ਚ ਫੈਲ ਗਈ
ਢੇਰੀ ਦੀਆਂ ਰਗਾਂ 'ਚ
ਜ਼ਿੰਦਗੀ ਦੌੜ ਗਈ

-0-

ਕਬਰ ਚੋਂ ਉਠਿਆ
ਇਕ ਮੁਰਦਾ ਤੇ ਜੀਵਨ ਡਹਿ ਪਿਆ
ਆਲੇ ਦੁਆਲੇ ਹਰਿਆਵਲ
ਰੌਣਕਾਂ ਤੇ ਜ਼ਿੰਦਗੀ ਦੇ ਨਕਸ਼
ਸਿਰਜਣ ਡਹਿ ਪਿਆ
ਹੂਰ ਦੇ ਰੰਗ ਰਾਗ ਸੁੰਦਰਤਾ ਤੇ ਮੋਹ 'ਚ
ਏਨਾ ਭਿੱਜ ਗਿਆ
ਆਪਣੀ ਮਿੱਟੀ ਤੇ ਆਪਾ ਭੁੱਲ ਗਿਆ
ਆਪਣੇ ਅੰਦਰ ਹੀ ਗੁਆਚ ਗਿਆ
ਆਪਣੇ ਆਪ ਤੋਂ ਏਨਾ ਦੂਰ ਹੋ ਗਿਆ
ਆਪਣੇ ਕੋਲ ਪਰਤ ਕੇ ਆ ਨਾ ਸਕਿਆ

-0-

ਗੁਆਚਿਆ ਮੁਰਦਾ
ਮੁੜ ਕਬਰਾਂ 'ਚ ਆ ਗਿਆ
ਰਾਗ ਜ਼ਿੰਦਗੀ ਦਾ
ਮੁਰਦਿਆਂ ਦੇ ਕੰਨੀ ਪਾ ਗਿਆ
ਜ਼ਿੰਦਗੀ ਦੇ ਮੱਥੇ ਕਬਰਾਂ ਧਰ ਗਿਆ
ਕਬਰਾਂ ਨੂੰ ਪੈਰ ਜ਼ਿੰਦਗੀ ਦੇ ਲਾ ਗਿਆ
ਕਬਰਾਂ ਦੀ ਮਿੱਟੀ 'ਚ
ਸੱਚ ਦਾ ਜੰਗਲ ਉੱਗਾ ਗਿਆ
ਜ਼ਿੰਦਗੀ ਜੰਗਲ ਦੀ ਛਾਵੇਂ ਬਿਠਾ ਗਿਆ
ਇਕ ਮੁਰਦਾ ਲਹੂ ਮਾਸ ਦੀ ਜ਼ਿੰਦਗੀ ਨੂੰ
ਆਪਣਾ ਸੱਚ ਚੇਤੇ ਰੱਖਣਾ ਸਿੱਖਾ ਗਿਆ
0 0 0

## ਗ਼ਮਾਂ ਦੇ ਦਾਗ਼

ਤੂੰ ਜੋ ਮੇਰੇ ਦਿਲ ਨੂੰ
ਗ਼ਮਾਂ ਦੇ ਦਾਗ਼ ਲਾਏ ਨੇ
ਇਨ੍ਹਾਂ ਦਾਗ਼ਾਂ ਚੋਂ ਜੰਗਲ ਸੂਰਜਾਂ
ਦੇ ਉੱਗ ਆਏ ਨੇ

-0-

ਮੈਂ
ਮੁਜੱਸਮਾ ਚਾਨਣ ਦਾ ਬਣ ਕੇ
ਤੇਰੇ ਅੰਨ੍ਹੇ ਹਨ੍ਹੇਰੇ 'ਚ ਉੱਤਰ ਆਇਆ ਹਾਂ
ਤੇਰੇ ਬੰਨੇਰੀਂ ਸੂਰਜਾਂ ਦੇ ਦੀਵੇ ਜਗਾਏ ਹਨ
ਤੂੰ ਵਿਛਾ ਕੇ ਤੁਰ ਗਈ ਸੈਂ
ਮੇਰੀਆਂ ਰਾਹਾਂ 'ਚ ਗ਼ਮਾਂ ਦੇ ਸਾਗਰ
ਮੈਂ ਤੇਰਿਆਂ ਰਾਹਾਂ 'ਚ ਖ਼ੁਸ਼ੀਆਂ ਬੀਜੀਆਂ
ਤੇ ਤਾਰਿਆਂ ਦੇ ਰੁੱਖ ਉੱਗਾਏ ਹਨ

-0-

ਤੂੰ ਜੋ ਕੁੱਝ ਵੀ ਮੈਨੂੰ ਬਖ਼ਸ਼ਿਆ ਸੀ
ਮੈਂ ਤੈਨੂੰ ਮੋੜ ਦਿੱਤਾ ਹੈ
ਤੇਰਾ ਗ਼ਮ ਹੀ ਸੀ ਕੁੱਖ ਖ਼ੁਸ਼ੀਆਂ ਦੀ
ਤੇਰੇ ਗ਼ਮ 'ਚ ਸਨ ਸੂਰਜਾਂ ਦੇ ਬੀਜ
ਤੇ ਅੰਕੁਰ ਤਾਰਿਆਂ ਦੇ
ਤੇਰੀ ਦੇਹ 'ਚ ਹੀ ਸੱਚ ਸੀ
ਦੇਹ ਤੋਂ ਸਾਇਆ ਉਤਾਰਿਆਂ ਦੇ

-0-

ਇਹ ਗ਼ਮ ਜੋ
ਤੂੰ ਮੇਰੀ ਝੋਲੀ 'ਚ ਪਾਇਆ ਸੀ
ਇਸ ਦਾ ਮੂਲ
ਇਸ ਦਾ ਸੱਚ ਤੂੰ ਪਹਿਚਾਣ ਨਾ ਸਕੀ
ਇਸ ਦੀ ਫਿਦਰਤ ਤੇ ਤਸੀਰ ਨੂੰ
ਸਿਆਣ ਨਾ ਸਕੀ

-0-

ਇਸ ਗ਼ਮ ਨੇ
ਮੇਰੇ ਪੱਥਰ ਦੇ ਬੁੱਤ ਚੋਂ ਇਨਸਾਨ ਜਗਾ ਦਿੱਤਾ
ਮੇਰੇ 'ਚ ਸੱਚ ਸੁੰਦਰਤਾ ਕਲਿਆਣ
ਤੇ ਪਿਆਰ ਬੀਜਿਆ
ਮੈਨੂੰ ਪੱਥਰ ਤੋਂ ਇਨਸਾਨ
ਤੇ ਇਨਸਾਨ ਤੋਂ ਰੱਬ ਬਣਾ ਦਿੱਤਾ
ਤੇਰੇ ਗ਼ਮ ਨੇ
ਮੈਨੂੰ ਮੇਰਾ ਸੱਚ ਵਿਖਾ ਦਿੱਤਾ
ਉਠਾ ਕੇ ਧਰਤ ਤੋਂ ਮੈਨੂੰ
ਅੰਬਰ ਤੇ ਬਿਠਾ ਦਿੱਤਾ

-0-

ਮੈਨੂੰ ਅੱਜ
ਕੁੱਲ ਲੋਕਾਈ ਚੋਂ ਤੂੰ ਹੀ ਤੂੰ ਦਿਸਦੀ ਹੈ
ਤੇਰਾ ਚਿਹਰਾ ਦਿਸਦਾ ਹੈ
ਤੇਰਾ ਵਸਣ ਦਿਸਦਾ ਹੈ ਤੇਰਾ ਡੇਰਾ ਦਿਸਦਾ ਹੈ
ਆਪਣੀ ਸਰਬਵਿਆਪਕਾ ਤੋਂ
ਤੂੰ ਅਨਜਾਣ ਰਹਿ ਗਈ
ਰੱਬ ਦੀ ਤੂੰ ਥਾਂ ਸੈਂ
ਵੀਰਾਨ ਰਹਿ ਗਈ

-0-

ਆਪਣੇ ਗ਼ਮ ਨੂੰ
ਆਪਣੇ 'ਚ ਵਸਾ ਕੇ ਵੇਖਦੀ
ਗ਼ਮ ਨੂੰ ਨੈਣਾਂ 'ਚ ਪਾ ਕੇ ਵੇਖਦੀ
ਆਪਣੇ ਮਸਤਕ 'ਚ ਜਗਾ ਕੇ ਵੇਖਦੀ
ਗ਼ਮ ਦੀ ਲੋਅ 'ਚ
ਪੱਥਰ ਚੋਂ ਹੀਰਾ ਪਹਿਚਾਣਦੀ
ਹੀਰੇ ਦੇ ਵੱਟੇ ਹੀਰੇ ਦਾ ਮੁੱਲ ਤਾਰਦੀ
ਤੂੰ ਤੇ ਹੀਰਾ ਪੱਥਰ ਦੇ ਮੁੱਲ ਲੈ ਲਿਆ
ਹੀਰਾ ਆਪਣੇ ਤੇ
ਪੱਥਰ ਦੇ ਮੁੱਲ ਦਾ ਸਮੁੰਦਰ ਰਿੜਕ ਗਿਆ
ਮੇਰੇ ਸੰਗ ਧੁੰਦਲ 'ਚ ਰਹਿੰਦਾ ਵੀ ਖ਼ੁਸ਼ ਸੀ
ਤੇਰੀ ਮਖ਼ਮਲ ਦੀ ਡੱਬੀ 'ਚ ਤਿੜਕ ਗਿਆ

0 0 0

## ਦਰਪਣ

ਕਿਉਂ ਚਿਹਰੇ
ਆਪਣਾ ਆਪ.ਬਦਲ ਕੇ
ਮੇਰੇ ਸਾਵੇਂ ਆਉਂਦੇ ਹਨ
ਤੇ ਮੇਰੇ ਚੋਂ ਆਪਣਾ ਸੱਚ ਭਾਲਦੇ ਹਨ

-0-

ਕਿਉਂ
ਮੈਨੂੰ ਮਜ਼ਬੂਰ ਕਰਦੇ ਹਨ
ਕਿ ਮੈਂ
ਉਹੀ ਕਹਾਂ ਜੋ ਉਹ ਸੁਣਨਾ ਚਾਹੁੰਦਾ ਹਨ
ਜੇ ਉਹ
ਆਪਣਾ ਸੱਚ ਜਾਣਨਾ ਨਹੀਂ ਚਾਹੁੰਦੇ
ਤਾਂ ਮੇਰੇ ਚੋਂ
ਆਪਣਾ ਸੱਚ ਭਾਲਦੇ ਕਿਉਂ ਹਨ
ਮੇਰੇ ਦਰਪਣ 'ਚ ਆਪਣਾ ਅਕਸ
ਉਤਾਰਦੇ ਕਿਉਂ ਹਨ।

-0-

ਮੈਂ ਚਿਹਰੇ ਨੂੰ ਚਿਹਰਾ
ਅੰਗਾਂ ਨੂੰ ਅੰਗ ਨਕਸ਼ਾਂ ਨੂੰ ਨਕਸ਼
ਅੱਖਾਂ ਨੂੰ ਅੱਖਾਂ ਕਹਾਂ
ਇਹ ਤਾਂ ਠੀਕ ਹੈ
ਇਹ ਤਾਂ ਉਹ ਵੀ ਜਾਣਦੇ ਹਨ
ਜਿਨ੍ਹਾਂ ਦੇ ਇਹ ਨਕਸ਼ ਹਨ ਚਿਹਰਾ ਹੈ
ਜੋ ਉਹ ਜਾਣਦੇ ਹਨ
ਤਾਂ ਫਿਰ ਗੁਆਹੀ ਦੀ ਕੀ ਲੋੜ ਹੈ

-0-

ਉਹ ਜਾਣਦੇ ਹਨ
ਇਹ ਚਿਹਰਾ ਇਹ ਨਕਸ਼ ਨਕਲੀ ਹਨ
ਪਰ ਸ਼ਾਇਦ
ਉਹ ਇਹ ਜਾਣਨਾ ਚਾਹੁੰਦੇ ਹਨ
ਇਹ ਚਿਹਰਾ ਇਹ ਨਕਸ਼ ਉਨ੍ਹਾਂ ਦੇ
ਆਪਣੇ ਅਸਲੀ ਲਗਦੇ ਹਨ ਕਿ ਨਹੀਂ
ਜੇ ਮੈ ਆਖਾਂ
ਇਹ ਚਿਹਰਾ ਉਨ੍ਹਾਂ ਦਾ ਨਹੀਂ
ਤਾਂ ਉਹਨਾਂ ਦਾ ਚਿਹਰਾ ਉਹਨਾਂ ਦਾ ਵਜ਼ੂਦ
ਤਿੜਕ ਜਾਂਦਾ ਹੈ

-0-

ਤਿੜਕੇ ਚਿਹਰੇ ਚੋਂ
ਉਹਨਾਂ ਦਾ ਅਸਲ ਸੱਚ ਪੁਕਾਰਦਾ ਹੈ
ਆਖਦਾ ਹੈ
ਐ ਦਰਪਣ ਤੂੰ ਆਖਦੇ ਇਹ ਅਸਲੀ ਹਨ
ਤਾਂ ਕਿ ਇਨ੍ਹਾਂ ਦੇ ਤਿੜਕੇ ਅੰਗ ਜੁੜੇ ਰਹਿਣ
ਤੇ ਚਿਹਰਾ ਨਜ਼ਰ ਆਉਂਦਾ ਰਹੇ
ਮੈਂ ਇਨ੍ਹਾਂ ਦਾ ਨਕਲੀਪਣ ਵੀ
ਇਨ੍ਹਾਂ ਦੇ ਅਸਲੀਪਣ 'ਚ ਉਤਾਰਦਾ ਰਹਾਂ
ਤੇ ਮੈਂ ਆਪਣੇ ਅਸਲੀਪਣ ਚੋਂ
ਆਪਣਾ ਨਕਲੀਪਣ ਉਸਾਰਦਾ ਰਹਾਂ
ਇਹੀ ਚਾਹੁੰਦੇ ਹਨ ਇਹ ਚਿਹਰੇ
ਕਿ ਮੈਂ ਇਨ੍ਹਾਂ ਵਾਂਗ ਝੂਠ ਹੋ ਜਾਵਾਂ
ਸੱਚ ਤੋਂ ਝੂਠ 'ਚ ਬਦਲ ਜਾਵਾਂ

-0-

ਇਕ ਦਿਨ ਇਹ ਮੇਰਾ ਚਿਹਰਾ ਵੀ
ਆਪਣੇ ਚਿਹਰੇ ਤੇ ਉਤਾਰ ਲੈਣਗੇ

ਮੇਰਾ ਚਿਹਰਾ
ਇਨ੍ਹਾਂ ਦਾ ਲਗਦਾ ਹੈ ਕਿ ਨਹੀਂ
ਇਹ ਜਾਨਣ ਲਈ
ਇਹ ਲੋਕ ਕਿੱਥੇ ਜਾਣਗੇ
ਕਿ ਇਨ੍ਹਾਂ ਨੂੰ ਪਤਾ ਹੈ
ਜੋ ਮੈਨੂੰ ਦੱਸਣ
ਤਾਂ ਮੈਂ ਆਪਣੇ ਸੱਚ 'ਚ
ਇਨ੍ਹਾਂ ਦਾ ਝੂਠ ਉਤਾਰ ਸਕਦਾ ਹਾਂ
ਆਪ ਤਿੜਕ ਸਕਦਾ ਹਾਂ
ਇਨ੍ਹਾਂ ਨੂੰ ਜੋੜ ਸਕਦਾ ਹਾਂ
ਇਨ੍ਹਾਂ ਦਾ ਸਾਲਮ ਚਿਹਰਾ
ਇਨ੍ਹਾਂ ਨੂੰ ਮੋੜ ਸਕਦਾ ਹਾਂ

0 0 0

# ਪਹਾੜ ਦੀ ਚੋਟੀ

ਉਹ ਡਗਰੀਆ
ਪਹਾੜ ਦੀ ਚੋਟੀ ਤੇ ਰਹਿੰਦਾ ਸੀ
ਚਾਹੁੰਦਾ ਸੀ
ਨਸਲ ਦਰ ਨਸਲ ਪੀੜ੍ਹੀ ਦਰ ਪੀੜ੍ਹੀ
ਜਿਉਂਦਾ ਰਹੇ
ਜਦ ਤੱਕ ਧਰਤ ਹੈ ਅਕਾਸ਼ ਹੈ
ਸੂਰਜ ਹੈ ਚੰਨ ਤਾਰੇ ਹਨ
ਜਿਨੀਂ ਸਮੇਂ ਦੀ ਉਮਰ ਹੈ
ਉਹ ਉਨਾਂ ਚਿਰ ਜਿਉਂਦਾ ਰਹੇ

-0-

ਸਮੁੰਦਰਾਂ ਪਹਾੜਾਂ ਜੰਗਲਾਂ ਤੋਂ
ਵੀ ਲਮੇਰੀ
ਉਸ ਦੀ ਉਮਰ ਹੋਵੇ
ਉਸ ਦੀ ਉਮਰ ਚੋਂ ਮੌਤ ਮਨਫ਼ੀ ਹੋਵੇ

-0-

ਉਸ ਨੇ
ਇਕ ਦਿਨ ਇਕ ਨਾਗ
ਆਪਣੀ ਕੁੰਜ ਉਤਾਰਦਾ ਵੇਖਿਆ
ਪੁਰਾਣੀ ਕੁੰਜ ਚੋਂ ਨਵੀਂ ਕੁੰਜ ਲੈ ਕੇ
ਨਵਾਂ ਨਾਗ ਜਨਮਿਆ
ਉਸ ਸੋਚਿਆ
ਉਮਰ ਤਾਂ ਦੇਹ ਦੀ ਮੁਥਾਜ ਹੈ
ਮੌਤ ਤੇ ਦੇਹ ਦਾ ਪੜਾਅ ਹੈ

-0-

ਉਸਨੇ ਆਪਣਾ ਜਿਸਮ
ਸਿਲ ਤੇ ਰੱਖ ਕੇ
ਉਸ ਤੇ ਪੱਥਰ ਮਾਰਿਆ

ਉਸਦਾ ਜਿਸਮ ਤਿੜਕ ਗਿਆ
ਜਿਸਮ ਦੇ ਤੱਤਾਂ ਤੇ ਸੱਟ ਵੱਜੀ
ਤੱਤ ਜਿਸਮ ਤਿਆਗ ਕੇ
ਆਪਣੇ ਆਪਣੇ ਸੱਚ 'ਚ ਰਲ ਗਏ
ਉਹ ਜੋ ਪਹਾੜ ਦੀ ਚੋਟੀ ਤੇ ਰਹਿੰਦਾ ਸੀ
ਵਿਸ਼ਾਲਤਾ ਤੇ ਅਨੰਦਤਾ ਦੇ ਅਥਾਹ
ਸਾਗਰ 'ਚ ਰਲ ਗਿਆ
ਸਦਾ ਜਿਉਂਦੇ ਨੂਰ 'ਚ ਢਲ ਗਿਆ
ਧਰਤੀ ਅਕਾਸ਼ ਚੰਨਾਂ ਸੂਰਜਾਂ
ਤਾਰਿਆਂ 'ਚ ਵਸ ਗਿਆ
ਅਮਰ ਹੋ ਗਿਆ ਸਮੇਂ ਦਾ ਸਫ਼ਰ ਹੋ ਗਿਆ

0 0 0



ਮੇਰਾ ਜਿਸਮ ਸਸਤਾ ਹੈ
ਮੇਰੀ ਸੋਚ ਮਹਿੰਗੀ ਹੈ
ਮੈਂ ਸਿਰਫ਼ ਕਾਨੀ ਹੀ ਨਹੀਂ
ਮਨੁੱਖ ਤੇ ਕਰਤਾ ਦੇ ਰਹੱਸ ਦਾ ਖੁਲਾਸਾ ਹਾਂ
ਮੈਂ ਮਨੁੱਖ ਦੇ ਸੱਚ ਵਿਚਲਾ ਦਰਵਾਜ਼ਾ ਹਾਂ
ਜਦ ਖੁੱਲ੍ਹਦਾ ਹਾਂ ਤਾਂ
ਮਨੁੱਖ ਨੂੰ ਨੂਰੋ ਨੂਰ ਕਰਦਾ ਹਾਂ
ਸੈਂਕੜੇ ਸੂਰਜਾਂ ਦੇ ਕਾਫ਼ਲੇ
ਮਨੁੱਖ ਦੇ ਮਸਤਕ 'ਚ ਧਰਦਾ ਹਾਂ
ਨੂਰ ਹੋਇਆ ਮਨੁੱਖ
ਨੂਰ ਦੇ ਹਜ਼ੂਰ ਹੋ ਜਾਂਦਾ ਹੈ
ਆਪਣੇ ਸੱਚ 'ਚ ਉਤਰਦਾ ਹੈ
ਕੁਫ਼ਰ ਤੋਂ ਦੂਰ ਹੋ ਜਾਂਦਾ ਹੈ।

ਚਰਨ ਸਿੰਘ

Tarlochan Publishers

VIPREET